ਵਿਆਹਾਂ ਵਾਸਤੇ ਭਾਜੀ, ਨਿਸ਼ਾਨੀ, ਤਾਜਾ ਮਠਿਆਈ ਅਤੇ
ਹਰ ਤਰ੍ਹਾਂ ਦੀ ਕੇਟਰਿੰਗ ਵਾਸਤੇ ਸੰਪਰਕ ਕਰੋ
250-730-4000, 855-800-6582
ਵੀਰਜੀ ਹਵੇਲੀ ਕਲੀਅਰਬਰੁੱਕ ਰੋਡ ਐਬਟਸਫੋਰਡ

+91 77175-02848 +91 98146-12006 +91 99882-68982
+1 778-899-1576 +1 778-207-8100
EAGLE EYE
PICK & DROP
CAR RENTALS & TAXI SERVICE 24 HOURS

Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)



# ਪੰਜਾਬ ਗਾਰਡੀਅਨ ਐਬਟਸਫੋਰਡ

PUNJAB GUARDIAN

B.C Greater Vancouver, Fraser Valley, Victoria,Nanaimo Prince George, Kamloops, Kelowna, Oliver, Squamish | ALBERTA Edmonton Calgary | ONTARIO Otttawa, Brampton Toronto | QUEBEC Montreal | USA Greater Seattle, Everett, Marysville Portland, Bellingham, Belivue, Lyndon, Lynwood

Tel: 604-590-5200 Fax:604-596-5700 Toll Free: 1-877-584-5200 Vol. 33, Issue No. 18 Ending Date: May 01, 2026



ਲਖਜੀਤ ਸਿੰਘ ਸਾਰੰਗ
604-613-9100
Super Visa
Travel, Disability
Group Insurance
Life Insurance
Critical Illness
RESP, RRSP
TFSA, FHSA
EXPERIOR
LAKHJIT SARAN
604-613-9100


# ਪੰਥਕ ਵਿਦਵਾਨ ਭਾਈ ਸਰਬਜੀਤ ਸਿੰਘ ਧੂੰਦਾ ਨੂੰ ਸਿੱਖ ਸੰਗਤਾਂ ਵੱਲੋਂ ਸ਼ਾਨਦਾਰ ਵਿਦਾਇਗੀ

ਸਰੀ:-ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਖਾਲਸਾ ਦੇ ਪ੍ਰਗਟ ਦਿਹਾੜੇ ਨੂੰ ਮੁੱਖ ਰੱਖਦਿਆਂ ਗੁਰਦਵਾਰਾ ਸਿੰਘ ਸਭਾ ਸਰੀ ਵਿਖੇ ਪੰਥਕ ਵਿਦਵਾਨ ਭਾਈ ਸਰਬਜੀਤ ਸਿੰਘ ਧੂੰਦਾਂ ਜੀ ਨੇ 13 ਅਪ੍ਰੈਲ ਤੋਂ ਲੈ ਕੇ 19 ਅਪ੍ਰੈਲ ਤੱਕ ਗੁਰਮਤਿ ਵੀਚਾਰਾਂ ਕੀਤੀਆਂ ।ਹਰ ਰੋਜ਼ ਦੇ ਦੀਵਾਨਾ ਵਿੱਚ ਹਜ਼ਾਰਾਂ ਸੰਗਤਾਂ ਨੇ ਹਾਜ਼ਰੀ ਭਰੀ ਅਤੇ ਗੁਰਮਤਿ ਵੀਚਾਰਾਂ ਦਾ ਅਨੰਦ ਮਾਣਿਆ।ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਵੱਲੋਂ 19 ਅਪ੍ਰੈਲ ਦੇ ਆਖਰੀ ਦੀਵਾਨ ਵਿੱਚ ਭਾਈ ਸਰਬਜੀਤ ਸਿੰਘ ਧੂੰਦਾਂ ਨੂੰ ਸ਼ਾਨਦਾਰ ਵਿਦਾਇਗੀ ਦਿੱਤੀ ਗਈ।ਨਿਰੋਲ ਗੁਰਮਤਿ ਦੇ ਪ੍ਰਚਾਰ ਦੀ ਸੰਗਤਾਂ ਨੇ ਬਹੁਤ ਸ਼ਾਲਾਘਾ ਕੀਤੀ ਅਤੇ ਖਾਸ ਕਰ ਨੌਜਵਾਨਾ ਨੇ ਵੱਧ ਤੋਂ ਵੱਧ ਹਾਜ਼ਰੀ ਭਰੀ।ਸੰਗਤਾਂ ਨੇ ਵਿਸ਼ੇਸ਼ ਤੌਰ 'ਤੇ ਬੇਨਤੀ ਕੀਤੀ ਅਜਿਹੇ ਵਿਦਵਾਨਾ ਨੂੰ ਵਿਸ਼ੇਸ਼ ਤੌਰ ਤੇ ਸੱਦ ਕੇ ਨਿਰੋਲ ਸਿੱਖੀ ਪ੍ਰਚਾਰ ਕਰਵਾਉਣਾ ਚਾਹੀਦਾ ਹੈ।



# ਕੌਮਾਂਤਰੀ ਵਿਦਿਆਰਥੀਆਂ ਤੇ ਪ੍ਰਵਾਸੀਆਂ ਵੱਲੋਂ ਮੈਨੀਟੋਬਾ 'ਚ ਰੋਸ ਪ੍ਰਦਰਸ਼ਨ

ਵੈਨਕੂਵਰ:ਕੈਨੇਡਾ ਦੇ ਮੈਨੀਟੋਬਾ ਸੂਬੇ'ਚ ਇੰਟਰਨੈਸ਼ਨਲ ਵਿਦਿਆਰਥੀਆਂ ਅਤੇ ਵਰਕ ਪਰਮਿਟ 'ਤੇ ਰਹਿ ਰਹੇਪ੍ਰਵਾਸੀਆਂ ਵੱਲੋਂ ਆਪਣੇ ਸਮਰਥਕਾਂ ਸਮੇਤ ਆਪਣੀਆਂ ਮੰਗਾਂ ਨੂੰ ਲੈ ਕੇਇੱਕ ਰੋਸ ਪ੍ਰਦਰਸ਼ਨ ਕੀਤਾ ਗਿਆ।ਪ੍ਰਦਰਸ਼ਨਕਾਰੀ ਸੂਬਾ ਸਰਕਾਰ ਤੋਂ ਮੰਗ ਕਰ ਰਹੇਸਨ ਕਿ ਉਨ੍ਹਾਂ ਦੇਸੁਰੱਖਿਅਤ ਭਵਿੱਖ ਲਈ ਫੈੱਡਰਲ ਸਰਕਾਰ ਤੇ ਦਬਾਅ ਬਣਾਇਆ ਜਾਵੇ। ਉਨ੍ਹਾਂ ਦਾ ਕਹਿਣਾ ਹੈਕਿ ਕਈ ਲੋਕ ਸਾਲਾਂ ਤੋਂ ਇਥੇ ਕੰਮ ਕਰ ਰਹੇ ਹਨ ਅਤੇ ਸਥਾਨਕ ਅਰਥਵਿਵਸਥਾ ਵਿੱਚ ਯੋਗਦਾਨ ਪਾ ਰਹੇ ਹਨ। ਪ੍ਰਦਰਸ਼ਨਕਾਰੀਆਂ ਨੇ ਇਹ ਵੀ ਦਲੀਲ ਦਿੱਤੀ ਕਿ ਵਰਕ ਪਰਮਿਟਾਂ ਦੀ ਮਿਆਦ ਖਤਮ ਹੋਣ ਨਾਲ ਉਹ ਨਾ ਸਿਰਫ਼ ਆਪਣੀ ਨੌਕਰੀ ਗੁਆ ਸਕਦੇਹਨ, ਸਗੋਂਆਪਣੇ ਪਰਿਵਾਰਾਂ ਲਈ ਵੀ ਗੰਭੀਰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਸਕਦਾ ਹੈ। ਇਸ ਕਾਰਨ ਉਹ ਸਰਕਾਰ ਤੋਂ ਤੁਰੰਤ ਹੱਲ ਦੀ ਮੰਗ ਕਰ ਰਹੇ ਹਨ।ਓਧਰ, ਮਾਮਲੇ 'ਤੇ ਅਧਿਕਾਰੀਆਂ ਵੱਲੋਂ ਹਾ ਲੇ ਤੱਕ ਕੋਈ ਵੱਡਾ ਫੈਸਲਾ ਸਾਹਮਣੇ ਨਹੀਂ ਆਇਆ, ਪਰ ਉਮੀਦ ਜਤਾਈ ਜਾ ਰਹੀ ਹੈਕਿ ਸੂਬਾ ਅਤੇ ਕੇਂਦਰੀ ਸਰਕਾਰ ਇਸ ਮਸਲੇ 'ਤੇ ਵਿਚਾਰ ਕਰ ਸਕਦੀਆਂ ਹਨ।

# ਪ੍ਰਧਾਨ ਮੰਤਰੀ ਮਾਰਕ ਕਾਰਨੀ 'ਸਿੱਖ ਵਿਰਾਸਤੀ ਮਹੀਨੇ' ਮੌਕੇ ਓਟਵਾ ਗੁਰਦੁਆਰੇ 'ਚ ਹੋਏ ਨਤਮਸਤਕ



ਆਟਵਾ:-ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ 'ਸਿੱਖ ਵਿਰਾਸਤੀ ਮਹੀਨੇ' ਮੌਕੇ ਓਟਵਾ ਦੇ ਗੁਰਦੁਆਰੇ 'ਚ ਮੱਥਾ ਟੇਕਿਆ ਅਤੇ ਸਿੱਖਾਂ ਨਾਲ ਸੇਵਾ 'ਚ ਹਿੱਸਾ ਲਿਆ।ਕਾਰਨੀ ਨੇ 'ਐਕਸ' 'ਤੇ ਕਿਹਾ ਕਿ ਕੈਨੇਡਾ 'ਚ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਸਿੱਖ ਭਾਈਚਾਰਾ ਹੈ। ਉਨ੍ਹਾਂ ਕਿਹਾ ਕਿ ਇਸ ਪਵਿੱਤਰ ਮੌਕੇ 'ਤੇ ਉਨ੍ਹਾਂ ਦੀ ਸਰਕਾਰ ਵੀ ਸਿੱਖਾਂ ਵੱਲੋਂ ਕੈਨੇਡਾ ਦੇ ਵਿਕਾਸ 'ਚ ਪਾਏ ਯੋਗਦਾਨ ਦਾ ਜਸ਼ਨ ਮਨਾ ਰਹੀ ਹੈ।ਇਸ ਸਾਲ ਦੇਜਸ਼ਨਾਂ ਵਿੱਚ 'ਬਾਗ਼ੀ ਜਾਂ ਬਾਦਸ਼ਾਹ' ਨਾਮਕ ਇੱਕ ਵਿਸ਼ੇਸ਼ ਪ੍ਰਦਰਸ਼ਨੀ ਵੀ ਲਗਾਈ ਗਈ ਹੈ। ਇਹ ਪ੍ਰਦਰਸ਼ਨੀ ਸਿੱਖ ਇਤਿਹਾਸ ਦੇਅਹਿਮ ਪੜਾਵਾਂ ਅਤੇ 'ਹਲੇਮੀ ਰਾਜ' ਦੇ ਸੰਕਲਪ ਨੂੰ ਦਰਸਾਉਂਦੀ ਹੈ। ਟੋਰਾਂਟੋਵਿੱਚ ਭਾਰਤੀ ਕੌਂਸਲ ਜਨਰਲ ਨੇ ਵੀ ਵਿਰਾਸਤ-ਏ-ਖ਼ਾਲਸਾ ਦੇ ਸਹਿਯੋਗ ਨਾਲ ਵਿਸਾਖੀ ਅਤੇ ਸਿੱਖ ਵਿਰਾਸਤੀ ਮਹੀਨਾ ਮਨਾਇਆ, ਜਿਸ ਵਿੱਚ ਭੰਗੜਾ, ਗਿੱਧਾ ਅਤੇ ਢਾਡੀ ਵਾਰਾਂ ਪੇਸ਼ ਕੀਤੀਆਂ ਗਈਆਂ। ਜ਼ਿਕਰਯੋਗ ਹੈਕਿ ਕੈਨੇਡਾ ਵਿੱਚ ਹਰ ਸਾਲ ਅਪ੍ਰੈਲ ਮਹੀਨੇ ਨੂੰ 'ਸਿੱਖ ਵਿਰਾਸਤੀ ਮਹੀਨੇ' ਵਜੋਂ ਮਨਾਇਆ ਜਾਂਦਾ ਹੈ। ਇਹ ਸਿੱਖ ਕੈਨੇਡੀਅਨਾਂ ਦੇਸੱਭਿਆਚਾਰਕ, ਸਮਾਜਿਕ ਅਤੇ ਆਰਥਿਕ ਖੇਤਰ ਵਿੱਚ ਪਾਏ ਗਏ ਵੱਡੇ ਯੋਗਦਾਨ ਨੂੰ ਮਾਨਤਾ ਦੇਣ ਦਾ ਇੱਕ ਖ਼ਾਸ ਤਰੀਕਾ ਹੈ, ਜਿਸ ਨੂੰ ਕੈਨੇਡੀਅਨ ਸਿੱਖ ਕਾਫ਼ੀ ਉਤਸ਼ਾਹ ਨਾਲ ਮਨਾਉਂਦੇ ਹਨ।


Award Winner Realtor in Fraser Valley
*RESIDENTIAL *COMMERCIAL *AGRICULTURAL
ਘਰ, ਬੇਰੀ ਫਾਰਮ, ਖਾਲੀ ਜ਼ਮੀਨ, ਲਾਟ ਜਾਂ ਵਪਾਰਕ ਜਾਇਦਾਦ ਖਰੀਦਣ ਜਾਂ ਵੇਚਣ ਵੇਲੇ ਵਾਜਬ ਰੇਟ ਅਤੇ ਸ਼ਾਨਦਾਰ ਸੇਵਾਵਾਂ ਲਈ ਹਮੇਸ਼ਾਂ ਯਾਦ ਰੱਖੋ
DR. GURVINDER SINGH DHALIWAL
604-825-1550
gurvindersinghprec@gmail.com
WEBSITE: WWW.GURVINDERSINGHDHALIWAL.COM

ਸੁਪਰ ਵੀਜ਼ਾ ਦੇ ਲਈ ਵਿਜ਼ਟਰ ਇਨਸ਼ੋਰੈਂਸ
• ਲਾਈਫ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਡੈਂਟਲ ਤੇ ਮੈਡੀਕਲ ਪਲੈਨ • ਆਰ ਈ ਐਸ ਪੀ, ਆਰ ਆਰ ਐਸ ਪੀ
ਜਸਵੀਰ ਗਰੇਵਾਲ
778 317 6262

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ
Punjab Travels
#204-2642 Ceder Park Place Abbotsford
604-825-2222

ਨਵੇਂ ਅਤੇ ਪੁਰਾਣੇ ਟਰੱਕ ਅਤੇ ਟਰੇਲਰ, ਬੱਸਾਂ ਖਰੀਦਣ ਲਈ ਇਕ ਸਟਾਪ ਮੰਜ਼ਿਲ
ਵਧੇਰੇ ਜਾਣਕਾਰੀ ਲਈ ਫੋਨ ਕਰੋ:672-727-9560 (ਇਸ਼ਤਿਹਾਰ ਸਫਾ ਬੀ-7 ਤੇ ਦੇਖੋ)

ਗੁਰੂ ਨਾਨਕ ਜਿਊਲਰਜ਼ ਲਿਮ.
24k & 22k Gold Jewelry
Lucky Stones
Gemstones
40% OFF
Seiko & Citizen Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

ਵਰਕਰਾਂ ਦੀ ਲੋੜ
ਤਨਖਾਹ $15-$30 ਪ੍ਰਤੀ ਘੰਟਾ
6 ਦਿਨ ਕੰਮ, 10 ਘੰਟੇ ਰੋਜ਼ਾਨਾ
Ph:604-209-2722

MOHIE Travel Ltd.
#122-32083 Hillcrest Ave, Abbotsford
• DOMESTIC & INTERNATIONAL TICKETS • TOURS • CRUISES
ਅਸੀਂ ਪਾਸਪੋਰਟ ਬਣਾਉਣ ਲਈ ਹਰੇਕ ਤਰ੍ਹਾਂ ਦੇ ਫਾਰਮ ਭਰਦੇ ਹਾਂ
ਟਰੈਵਲ ਟਿਕਟ ਸਰਵਿਸਿਜ਼
Contact Jarnail S Maan 604-746-9222
Email:mohietravel@gmail.com

We Moved To New Location
27441-FRASER HWY. ALDERGROVE, BC
Universal Auto Collision Ltd.
• ICBC Claims • Private Claims • Free Courtesy Cars
• Auto Glass Replacement • Free Estimates Fax: 604-596-3800 Ph. 604-596-2800
Satisfaction Guarantee

PACIFIC NURSERIES
*Certified Imported from USA
*High Quality & Healty Plants
*Ready to Plant *Potted in One Gallon
ONLY FOR WHOLESALERS
TO BOOK YOUR ORDER CONTACT:
ਬਲਿਊਬੇਰੀ (ਡਿਊਕ) ਅਤੇ ਸੀਡਰ ਹੈਜਿੰਗ ਪਲਾਂਟ ਤਿਆਰ ਹਨ 778-552-0305

# FARM AND SPICE

## Weekly Special

*Special Sampling in Certain Stores*

## Apr 24 - 30



ਲੈਟਸ
Head Letuce
Each
**$1.99**



ਅਦਰਕ
Ginger
Per lb
**$0.99**



ਲਸਨ
Garlic
1 Kg
**$2.99**



ਸੇਬ
Apple Red delicious / Fuji Apple
Per lb
**$1.49**



ਧਨੀਆ
Cilantro
2 for
**$1.00**



ਸੰਤਰੇ
Mandarin
Per lb
**$1.49**



ਰੁਸੈਟ ਆਲੂ
Russet Potatoes
10 Lbs
**$3.99**



ਲਾਲ ਗਾਜਰ
Red Fruit Carrot
Per lb
**$0.99**



ਹੀਰ ਚਕੀ ਆਟਾ
Heer Chakki Fresh / Whole Wheat Atta
20 Lbs
**$11.99**



ਵੇਰਕਾ ਦੇਸੀ ਘਿਓ
Verka Desi Ghee
3Kg
**$39.99**



ਸ਼ੇਰ ਬਾਸਮਤੀ
Sher Pure Long Basmati Rice
10 Lbs
**$11.99**



ਹੀਰ ਚੀਣੀ / ਭੂਰੀ ਖੰਡ
Heer White/Brown Sugar
8 Lbs
**$7.99**



ਸਵੇਰਾ ਪਨੀਰ
Savera Paneer
341 gms
**$4.49**



ਸ਼ੇਰ ਬੇਸਨ
Sher Besan
4 Lbs
**$4.99**



ਸ਼ੇਰ ਜੀਰਾ
Sher Cumin
800 gms
**$8.99**



ਟਾਟਾ ਗੋਲਡ ਚਾਹ
Tata Tea Gold
450 gms
**$6.99**

*while supply last

Open 7 Days a Week
8:30 am to 10:00 pm

farmandspice.com

#9546-9548 Scott Town Plaza
96 Ave Scott Road Surrey

# 09-10 12830 96 Ave.
Surrey BC | Tel: 604 930 7742

# 103-104 14320 64 Ave.
Surrey BC | Tel: 604 593 6323

# ਪੰਜਾਬ ਦੇ ਨੌਜਵਾਨਾਂ ਨੂੰ ਗੁੰਮਰਾਹ ਕਰਨ ਵਾਲੀ 'ਲਾਰੈਂਸ ਆਫ਼ ਪੰਜਾਬ' ਲੜੀ 'ਤੇ ਤੁਰੰਤ ਪਾਬੰਦੀ ਲਗਾਈ ਜਾਵੇ:ਸੁਖਜਿੰਦਰ ਰੰਧਾਵਾ

ਚੰਡੀਗੜ੍ਹ: ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਅਤੇ ਗੁਰਦਾਸਪੁਰ ਤੋਂ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਬਦਨਾਮ ਗੈਂਗਸਟਰ 'ਤੇ ਆਧਾਰਿਤ ਪ੍ਰਸਤਾਵਿਤ ਟੈਲੀਵਿਜ਼ਨ ਲੜੀ "ਲਾਰੈਂਸ ਆਫ਼ ਪੰਜਾਬ" ਨੂੰ ਪੰਜਾਬ ਅਤੇ ਦੇਸ਼ ਦੇ ਨੌਜਵਾਨਾਂ ਲਈ ਖ਼ਤਰਨਾਕ ਦੱਸਿਆ ਹੈ। ਨੌਜਵਾਨਾਂ ਨੂੰ ਗੁੰਮਰਾਹ ਕਰਨ ਵਾਲੀ ਇਸ ਲੜੀ 'ਤੇ ਸਖ਼ਤ ਇਤਰਾਜ਼ ਪ੍ਰਗਟ ਕਰਦਿਆਂ, ਉਨ੍ਹਾਂ ਇਸ 'ਤੇ ਤੁਰੰਤ ਪਾਬੰਦੀ ਲਗਾਉਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਅਜਿਹੀਆਂ ਲੜੀਵਾਰਾਂ ਨਾ ਸਿਰਫ਼ ਬੰਦੂਕ ਸੱਭਿਆਚਾਰ ਨੂੰ ਉਤਸ਼ਾਹਿਤ ਕਰਦੀਆਂ ਹਨ ਸਗੋਂ ਅਪਰਾਧ ਅਤੇ ਗੈਂਗਸਟਰ ਸੱਭਿਆਚਾਰ ਦੀ ਵਡਿਆਈ ਵੀ ਕਰਦੀਆਂ ਹਨ ਅਤੇ ਸਮਾਜ ਵਿੱਚ ਗਲਤ ਸੰਦੇਸ਼ ਵੀ ਫੈਲਾਉਂਦੀਆਂ ਹਨ।

ਰੰਧਾਵਾ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਗੁਰੂਆਂ, ਸੰਤਾਂ ਅਤੇ ਸ਼ਹੀਦਾਂ ਦੀ ਵਿਰਾਸਤ ਨੂੰ ਸੰਭਾਲਣ ਵਾਲੀ ਪੰਜਾਬ ਦੀ ਪਵਿੱਤਰ ਧਰਤੀ ਨੂੰ ਇੱਕ ਅਪਰਾਧੀ ਦੇ ਨਾਮ ਨਾਲ ਜੋੜਨਾ ਬਹੁਤ ਹੀ ਮੰਦਭਾਗਾ ਅਤੇ ਅਸਵੀਕਾਰਨਯੋਗ ਹੈ। ਅਜਿਹੀ ਸਮੱਗਰੀ ਨੌਜਵਾਨਾਂ ਨੂੰ ਗੁੰਮਰਾਹ ਕਰ ਸਕਦੀ ਹੈ ਅਤੇ ਉਨ੍ਹਾਂ ਨੂੰ ਕੁਰਾਹੇ ਪਾ ਸਕਦੀ ਹੈ। "ਹਿੰਸਾ, ਅਪਰਾਧ ਅਤੇ ਮਾਸੂਮ ਲੋਕਾਂ ਦੇ ਕਤਲ ਦਾ ਇਤਿਹਾਸ ਰੱਖਣ ਵਾਲੇ ਕਿਸੇ ਵੀ ਵਿਅਕਤੀ ਨੂੰ ਕਿਸੇ ਵੀ ਰੂਪ ਵਿੱਚ ਵਡਿਆਇਆ ਨਹੀਂ ਜਾਣਾ ਚਾਹੀਦਾ।

ਸਾਬਕਾ ਉਪ ਮੁੱਖ ਮੰਤਰੀ ਨੇ ਮੰਗ ਕੀਤੀ ਕਿ ਕੇਂਦਰ ਅਤੇ ਰਾਜ ਸਰਕਾਰਾਂ ਇਸ ਲੜੀ ਦੇ ਪ੍ਰਸਾਰਣ ਨੂੰ ਰੋਕਣ ਲਈ ਤੁਰੰਤ ਸਖ਼ਤ ਕਾਰਵਾਈ ਕਰਨ। ਉਨ੍ਹਾਂ ਕਿਹਾ ਕਿ ਮਨੋਰੰਜਨ ਦੇ ਨਾਮ 'ਤੇ ਸਮਾਜ ਨੂੰ ਜ਼ਹਿਰ ਦੇਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਕੁਝ ਸਾਲ ਪਹਿਲਾਂ, ਫਿਲਮ "ਉੱਡਾ ਪੰਜਾਬ" ਨੇ ਪੰਜਾਬ ਦੇ ਅਕਸ ਨੂੰ ਬੁਰੀ ਤਰ੍ਹਾਂ ਵਿਗਾੜ ਦਿੱਤਾ ਸੀ। ਪੰਜਾਬ ਅਜੇ ਵੀ ਉਸ ਅਕਸ ਨੂੰ ਨਹੀਂ ਹਟਾ ਸਕਿਆ ਹੈ। ਅਜਿਹੀ ਸਮੱਗਰੀ ਪੰਜਾਬ ਦੇ ਅਮੀਰ ਵਿਰਸੇ ਲਈ ਇੱਕ ਵੱਡਾ ਝਟਕਾ ਹੈ।

# ਲਿਬਨਾਨ ਵਿਚ ਇਜ਼ਰਾਈਲੀ ਫ਼ੌਜੀ ਵੱਲੋਂ ਹਜ਼ਰਤ ਈਸਾ ਮਸੀਹ ਦੀ ਮੂਰਤੀ ਦੀ ਬੇਅਦਬੀ

ਬੇਰੂਤ/ਯੇਰੂਸ਼ਲਮ:ਦੱਖਣੀ ਲਿਬਨਾਨ ਦੇ ਇਕ ਈਸਾਈ ਬਹੁਗਿਣਤੀ ਵਾਲੇ ਪਿੰਡ ਡੇਬਲ ਵਿਚ ਇਕ ਇਜ਼ਰਾਈਲੀ ਫ਼ੌਜੀ (ਆਈ. ਡੀ.ਐਫ਼.) ਵਲੋਂ ਹਜ਼ਰਤ ਈਸਾ ਮਸੀਹ ਦੀ ਮੂਰਤੀ ਦੀ ਬੇਅਦਬੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਸੋਸ਼ਲ ਮੀਡੀਆ ਉਤੇ ਵਾਇਰਲ ਹੋਈ ਇਕ ਤਸਵੀਰ ਵਿਚ ਇਕ ਇਜ਼ਰਾਈਲੀ ਸਿਪਾਹੀ ਨੂੰ ਹਥੌੜੇ ਨਾਲ ਸਲੀਬ ਤੋਂ ਡਿੱਗੀ ਹੋਈ ਮੂਰਤੀ ਉਤੇ ਵਾਰ ਕਰਦੇ ਹੋਏ ਵੇਖਿਆ ਗਿਆ ਹੈ। ਇਸ ਘਟਨਾ ਨੇ ਜਿੱਥੇ ਲਿਬਨਾਨ ਦੇ ਈਸਾਈ ਭਾਈਚਾਰੇ ਵਿਚ ਭਾਰੀ ਗੁੱਸਾ ਪੈਦਾ ਕਰ ਦਿਤਾ ਹੈ, ਉੱਥੇ ਹੀ ਕੌਮਾਂਤਰੀ ਪੱਧਰ ਉਤੇ ਇਜ਼ਰਾਈਲ ਦੀ ਆਲੋਚਨਾ ਹੋ ਰਹੀ ਹੈ।



# ਪੰਜਾਬੀ ਪਰਿਵਾਰ ਦੇ ਘਰ 'ਚੋਂ 1.39 ਕਰੋੜ ਰੁਪਏ ਦੇ ਗਹਿਣੇ ਚੋਰੀ

ਵੈਨਕੂਵਰ- ਕੈਨੇਡਾ ਦੇ ਮਾਲਟਨ ਸ਼ਹਿਰ ਦੇ ਵਸਨੀਕ ਇੱਕ ਪੰਜਾਬੀ ਪਰਿਵਾਰ ਦੇ ਘਰ ਵਿੱਚੋਂ ਕੁਝ ਅਣਪਛਾਤੇ ਚੋਰਾਂ ਵੱਲੋਂ ਗਹਿਣੇ ਚੋਰੀ ਕੀਤੇ ਜਾਣ ਦੀ ਘਟਨਾ ਸਾਹਮਣੇ ਆਈ ਹੈ।ਪ੍ਰਾਪਤ ਵੇਰਵਿਆਂ ਮੁਤਾਬਕ ਉਕਤ ਪਰਿਵਾਰ ਦੇ ਮੈਂਬਰ ਮਾਲਟਨ ਸ਼ਹਿਰ ਵਿੱਚ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਸਜਾਏ ਗਏ ਨਗਰ ਕੀਰਤਨ 'ਚ ਸ਼ਾਮਲ ਹੋਣ ਲਈ ਬਾਹਰ ਗਏ ਸਨ ਅਤੇ ਜਦੋਂ ਪਰਿਵਾਰਕ ਜੀਅ ਵਾਪਸ ਪਰਤੇ ਤਾਂ ਉਹਨਾਂ ਨੇ ਆਪਣੇ ਘਰ ਦੇ ਮੇਨ ਬੈਡਰੂਮ ਵਿੱਚ ਸਮਾਨ ਖਿੱਲਰਿਆ ਵੇਖਿਆ। ਜਿਸ ਉਪਰੰਤ ਉਹਨਾਂ ਵੱਲੋਂ ਆਪਣੇ ਘਰ ਦੇ ਬਾਹਰ ਲੱਗੇ ਸੀਸੀਟੀਵੀ ਕੈਮਰਿਆਂ ਦੀ ਪੜਤਾਲ ਕੀਤੀ ਤਾਂ ਪਤਾ ਲੱਗਾ ਕਿ ਚੋਰ ਉਹਨਾਂ ਦੀ ਕਿਚਨ ਦੀ ਖਿੜਕੀ ਤੋੜ ਕੇ ਅੰਦਰ ਵੜਨ 'ਚ ਕਾਮਯਾਬ ਹੋਏ ਸਨ ਅਤੇ ਲੱਖਾਂ ਦੀ ਕੀਮਤ ਦੇਗਹਿਣੇ ਚੋਰੀ ਕਰਕੇ ਫਰਾਰ ਹੋ ਗਏ। ਹੋਰ ਵੇਰਵਿਆਂ ਮੁਤਾਬਕ ਚੋਰੀ ਹੋਏ ਇਨ੍ਹਾਂ ਗਹਿਣਿਆਂ ਦੀ ਕੀਮਤ 1 ਕਰੋੜ 39 ਲੱਖ ਦੇ ਕਰੀਬ ਦੱਸੀ ਜਾ ਰਹੀ ਹੈ।ਘਟਨਾ ਉਪਰੰਤ ਘਰ ਵਿੱਚ ਪੁੱਜੀ ਪੁਲਸ ਵੱਲੋਂ ਦੋਸ਼ੀਆਂ ਨੂੰ ਜਲਦੀ ਗ੍ਰਿਫਤਾਰ ਕਰਨ ਦਾ ਭਰੋਸਾ ਦਿਵਾਇਆ ਗਿਆ ਹੈ।














# ਐਬਟਸਫੋਰਡ ਵਾਸੀ ਪੰਥਕ ਸ਼ਖਸੀਅਤ ਭਾਈ ਬਲਮੋਹਣ ਸਿੰਘ ਨਹੀਂ ਰਹੇ

ਐਬਟਸਫੋਰਡ:-ਪੰਥ ਨੂੰ ਸਮਰਪਿਤ ਭਾਈ ਬਲਮੋਹਣ ਸਿੰਘ 19 ਅਪ੍ਰੈਲ ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ। ਉ

ਹਨਾਂ ਦਾ ਦੇਹਾਂਤ ਐਬਸਫੋਰਡ ਦੇ ਸਥਾਨਕ ਹਸਪਤਾਲ ਵਿਖੇ ਬੀਤੀ ਸ਼ਾਮ ਨੂੰ ਹੋਇਆ।70 ਸਾਲਾ ਭਾਈ ਬਲਮੋਹਣ ਸਿੰਘ ਅਸੀਵਿਆਂ ਤੋਂ ਕੈਨੇਡਾ ਰਹਿ ਰਹੇ ਸਨ।ਆਪਦਾ ਪਿਛਲਾ ਪਿੰਡ ਜਿਲਾ ਨਵਾਂ ਸ਼ਹਿਰ 'ਚ ਚੱਕਦਾਨਾ ਸੀ। ਭਾਈ ਸਾਹਿਬ ਆਪਣੇ ਪਿੱਛੇ ਸੁਪਤਨੀ, ਸਪੁੱਤਰ, ਦੋ ਸਪੁੱਤਰੀਆਂ ਅਤੇ ਉਹਨਾਂ ਦੇ ਬਾਲ ਬੱਚਿਆਂ ਸਮੇਤ ਵੱਡੇ ਪਰਿਵਾਰ, ਦੋਸਤਾਂ -ਮਿੱਤਰਾਂ ਤੇ ਸਨੇਹੀਆ ਨੂੰ ਸਦੀਵੀ ਵਿਛੋੜਾ ਦੇ ਗਏ ਹਨ।



ਪੰਥਕ ਸੋਚ ਦੀ ਧਾਰਨੀ ਭਾਈ ਬਲਮੋਹਣ ਸਿੰਘ ਅਣਥਕ ਸੇਵਾਦਾਰ ਸਨ, ਜਿਹੜੇ ਹਰ ਪੰਥਕ ਕਾਰਜ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਸਨ। ਸਰੀ ਵਿਖੇ 18 ਅਪ੍ਰੈਲ ਨੂੰ ਖਾਲਸਾ ਦਿਹਾੜੇ ਤੇ ਨਗਰ ਕੀਰਤਨ ਵਿੱਚ ਉਹ ਪਿਕਅਪ ਟਰੇਲਾ ਲੈ ਕੇ ਗਏ, ਜਿੱਥੇ ਬਾਬਾ ਬੰਦਾ ਸਿੰਘ ਬਹਾਦਰ ਗੁਰਦੁਆਰਾ ਸਾਹਿਬ ਤੋਂ ਸੰਗਤਾਂ ਸ਼ਾਮਿਲ ਸਨ। ਨਗਰ ਕੀਰਤਨ ਦੌਰਾਨ ਉਹਨਾਂ ਪਿਕਅਪ ਖੁਦ ਚਲਾਇਆ ਅਤੇ ਸ਼ਾਮ ਨੂੰ ਗੁਰਦੁਆਰਾ ਸਾਹਿਬ ਪਹੁੰਚਣ ਮਗਰੋਂ, ਭਾਈ ਕਰਨੈਲ ਸਿੰਘ ਟੁੱਟ ਤੇ ਹੋਰ ਸੇਵਾਦਾਰ ਉਹਨਾਂ ਨੂੰ ਘਰੇ ਛੱਡ ਕੇ ਆਏ।ਜਾਣਕਾਰੀ ਅਨੁਸਾਰ ਉਹਨਾਂ ਦੇ ਸ਼ੂਗਰ ਦਾ ਪੱਧਰ ਵਧਣ ਕਾਰਨ ਤਕਲੀਫ ਜਿਆਦਾ ਹੋਈ, ਜਿਸ ਕਾਰਨ ਭਾਈ ਬਲਮੋਹਣ ਸਿੰਘ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ।ਕੁਝ ਹੀ ਸਮੇਂ ਦੌਰਾਨ ਹਾਰਟ ਅਟੈਕ ਹੋਇਆ, ਜੋ ਜਾਨਲੇਵਾ ਸਿੱਧ ਹੋਇਆ।

ਭਾਈ ਬਲਮੋਹਨ ਸਿੰਘ ਟਕਸਾਲੀ ਖਾਲਿਸਤਾਨੀ ਸੇਵਾਦਾਰ ਸਨ, ਜਿਹੜੇ ਸਿੱਖ ਰਿਫਰੈਂਡਮਾਂ ਸਮੇਤ, ਸਾਰੇ ਪੰਥਕ ਕਾਰਜਾਂ ਵਿੱਚ ਉਤਸ਼ਾਹ ਨਾਲ ਸ਼ਾਮਿਲ ਹੁੰਦੇ ਸਨ। ਪਿਛਲੇ 25 ਸਾਲਾਂ ਤੋਂ ਉਹਨਾਂ ਨਾਲ ਨਿੱਜੀ ਮੇਲ- ਜੋਲ ਰਿਹਾ ਅਤੇ ਉਨਾਂ ਸਦਾ ਹੀ ਬੇਅੰਤ ਸਤਿਕਾਰ ਦਿੱਤਾ। ਗੁਰਦੁਆਰਾ ਸਾਹਿਬ ਬਾਬਾ ਬੰਦਾ ਸਿੰਘ ਬਹਾਦਰ ਸਿੱਖ ਸੁਸਾਇਟੀ ਐਬਸਫੋਰਡ ਸਮੇਤ ਵੱਖ- ਵੱਖ ਸੰਸਥਾਵਾਂ ਅਤੇ ਸ਼ਖਸੀਅਤਾਂ ਨੇ ਭਾਈ ਬਲਮੋਹਣ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ ਹੈ।

ਵਾਹਿਗੁਰੂ ਉਨਾਂ ਦੀ ਆਤਮਾ ਨੂੰ ਚਰਨਾਂ ਚ ਨਿਵਾਸ ਬਖਸ਼ਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

12383-83A Ave, Surrey, BC



SAVVY
Immigration Services Inc.

ਇੰਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ

*Temporary Visa *Student Visa
*Work Permit *Permanent Immigration
*Humanitarian & Compassionate Cases



Harpreet K Grewal:604-832-9581
Email:info@savvyimmigrations.com www.savyimmigration.com
Unit A-32088, Cedar Lane, Abbotsford BC Canada
Mon–Sat:10:00 AM-06:00 PM Closed on Sunday



FIXMAN
GLASS REPAIR LTD

Auto
Residential
Commercial

"We Are The Clear Choice"

Windshield Repair & Replacement
We do ICBC and Private Claims in Cars, Vans, SUV, Trucks & Taxis and Offer Mobile Service

• ਆਈ ਸੀ ਬੀ ਸੀ ਅਤੇ ਪ੍ਰਾਈਵੇਟ ਕਲੇਮ • ਕਾਰੀਗਿਰੀ, ਲੀਕਸ ਅਤੇ ਰਾਕ ਚਿਪਸ ਤੇ
• ਲਾਈਫਟਾਈਮ ਵਾਰੰਟੀ • ਮੋਬਾਈਲ ਸਰਵਿਸ • ਬੱਗ ਸਕਰੀਨ ਵੀ ਲਾਉਂਦੇ ਹਾਂ
• ਕਾਰ ਨੂੰ ਮੁਫਤ ਸਾਫ ਕਰਦੇ ਹਾਂ • ਚੱਕਣ ਅਤੇ ਛੱਡਣ ਦਾ ਵੀ ਪ੍ਰਬੰਧ ਹੈ

2 Locations Serves You

SURREY
#301-14640-64Ave Surrey
Ph:604-657-0003

LANGLEY
#102-5968 205A St
Ph:778-258-3000



Mandeep Dhaliwal

www.fixmanglass.com Email:fixmanglass@gmail.com



Punjab TRAVELS

Special offer!

ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।



ਜੀਵਨ ਸਿੰਘ ਮੋਗਾ

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

Ph : 604-825-3075, 604-744-4400
2642 Cedar Park Abbotsford, British Columbia V2T 3S5



SekCheck FINGERPRINTING SERVICES

*Digital Fingerprinting *Police Certificate CPIC
*Overseas Police Check *Ink & Roll Fingerprinting
*Name Change Application *Record Suspension *US Waiver

Ph:604-628-4446, 778-536-1188
#255-13711-72Ave Surrey, BC

# ਇਟਲੀ ਗੁਰਦਵਾਰਾ ਸ਼ੂਟਿੰਗ:ਪੁਲੀਸ ਵੱਲੋਂ 'ਯੋਜਨਾਬੱਧ ਹਮਲੇ' ਦੀ ਪੁਸ਼ਟੀ ਸ਼ੱਕੀਆਂ ਦੀ ਭਾਲ ਜਾਰੀ:ਸਾਬਕਾ ਪ੍ਰਧਾਨ ਤੇ ਸ਼ੱਕ:ਪ੍ਰਧਾਨਗੀ ਪਿੱਛੇ ਚੱਲੀਆਂ ਗੋਲੀਆਂ

ਇਟਲੀ:ਬੇਰਗਾਮੋ ਸੂਬੇ ਵਿੱਚ ਇੱਕ ਗੁਰਦੁਆਰਾ ਸਾਹਿਬ ਦੇ ਬਾਹਰ ਹੋਏ ਟਾਰਗੇਟਿਡ ਹਮਲੇ ਵਿੱਚ ਪੰਜਾਬੀ ਮੂਲ ਦੇ ਦੋ ਵਿਅਕਤੀਆਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਅਧਿਕਾਰੀਆਂ ਅਤੇ ਸਥਾਨਕ ਮੀਡੀਆ ਨੇ ਇਸ ਦੀ ਜਾਣਕਾਰੀ ਦਿੱਤੀ ਹੈ। ਮ੍ਰਿਤਕਾਂ ਦੀ ਪਛਾਣ ਰਾਜਿੰਦਰ ਸਿੰਘ (48), ਵਾਸੀ ਕੋਵੋ ਅਤੇ ਗੁਰਮੀਤ ਸਿੰਘ (48), ਵਾਸੀ ਅਗਨਾਡੇਲੋ ਵਜੋਂ ਹੋਈ ਹੈ। ਇਹ ਘਟਨਾ 17 ਅਪਰੈਲ ਦੀ ਦੇਰ ਰਾਤ ਵਾਪਰੀ ਜਦੋਂ ਉਹ ਕੋਵੋ ਸ਼ਹਿਰ ਵਿੱਚ ਸਥਿਤ ਇੱਕ ਗੋਦਾਮ (ਜਿਸ ਨੂੰ ਸਿੱਖ ਪ੍ਰਾਰਥਨਾ ਸਥਾਨ ਵਜੋਂ ਵਰਤਿਆ ਜਾ ਰਿਹਾ ਸੀ) ਤੋਂ ਬਾਹਰ ਨਿਕਲ ਰਹੇ ਸਨ। ਦੋਵੇਂ ਮ੍ਰਿਤਕ ਤਿੰਨ-ਤਿੰਨ ਬੱਚਿਆਂ ਦੇ ਪਿਤਾ ਸਨ।

ਚਸ਼ਮਦੀਦਾਂ ਮੁਤਾਬਕ ਚਾਰ ਸ਼ੱਕੀ ਦੋ ਕਾਰਾਂ ਵਿੱਚ ਆਏ ਅਤੇ ਰਾਤ ਕਰੀਬ 11:50 ਵਜੇ ਗੋਲੀਆਂ ਚਲਾ ਦਿੱਤੀਆਂ। ਘਟਨਾ ਸਥਾਨ ਤੋਂ ਗੋਲੀਆਂ ਦੇ ਲਗਪਗ 10 ਖੋਲ ਬਰਾਮਦ ਕੀਤੇ ਗਏ ਹਨ। ਗਵਾਹਾਂ ਨੇ ਦੱਸਿਆ ਕਿ ਬਹੁਤ ਨੇੜਿਓਂ ਕਈ ਗੋਲੀਆਂ ਚਲਾਈਆਂ ਗਈਆਂ, ਜੋ ਪੀੜਤਾਂ ਦੇ ਸਿਰ ਅਤੇ ਸਰੀਰ ਦੇ ਹੋਰ ਹਿੱਸਿਆਂ ਵਿੱਚ ਲੱਗੀਆਂ। ਇਸ ਹਮਲੇ ਦੌਰਾਨ ਇੱਕ ਤੀਜਾ ਵਿਅਕਤੀ ਵੀ ਮਾਮੂਲੀ ਜ਼ਖਮੀ ਹੋਇਆ ਹੈ।

ਵਾਰਦਾਤ ਤੋਂ ਬਾਅਦ ਹਮਲਾਵਰ ਆਪਣੀਆਂ ਗੱਡੀਆਂ ਵਿੱਚ ਫ਼ਰਾਰ ਹੋ ਗਏ। ਜਦੋਂ ਤੱਕ ਐਮਰਜੈਂਸੀ ਸੇਵਾਵਾਂ ਮੌਕੇ 'ਤੇ ਪਹੁੰਚੀਆਂ, ਉਦੋਂ ਤੱਕ ਦੋਵਾਂ ਦੀ ਮੌਤ ਹੋ ਚੁੱਕੀ ਸੀ। ਉਨ੍ਹਾਂ ਦੀਆਂ ਦੇਹਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ। ਜਾਂਚਕਰਤਾਵਾਂ ਦਾ ਮੰਨਣਾ ਹੈ ਕਿ ਇਹ ਹਮਲਾ ਪਹਿਲਾਂ ਤੋਂ ਯੋਜਨਾਬੱਧ ਸੀ। ਮੁਢਲੀ ਜਾਂਚ ਤੋਂ



ਸੰਕੇਤ ਮਿਲਦੇ ਹਨ ਕਿ ਮੁੱਖ ਸ਼ੂਟਰ, ਜੋ ਕਿ ਭਾਰਤੀ ਮੂਲ ਦਾ ਹੈ ਅਤੇ ਉਸ ਦੇ ਸਾਥੀ ਗੁਰਦੁਆਰਾ ਸਾਹਿਬ ਵਿੱਚ ਆਉਂਦੇ-ਜਾਂਦੇ ਰਹਿੰਦੇ ਸਨ। ਪੁਲੀਸ ਧਾਰਮਿਕ ਸਥਾਨ ਦੇ ਪ੍ਰਬੰਧਨ ਨਾਲ ਸਬੰਧਤ ਵਿਵਾਦਾਂ ਸਮੇਤ ਹੋਰ ਸੰਭਵ ਕਾਰਨਾਂ ਦੀ ਜਾਂਚ ਕਰ ਰਹੀ ਹੈ। ਇਟਾਲੀਅਨ ਅਧਿਕਾਰੀਆਂ ਵੱਲੋਂ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਖਬਰਾਂ ਮੁਤਾਬਕ ਸ਼ੱਕੀ ਸਾਥੀਆਂ ਵਿੱਚੋਂ ਇੱਕ ਗੁਰਦੁਆਰਾ ਸਾਹਿਬ ਦਾ ਸਾਬਕਾ ਪ੍ਰਧਾਨ ਦੱਸਿਆ ਜਾ ਰਿਹਾ ਹੈ। ਇਹ ਘਟਨਾ ਵਿਸਾਖੀ ਦੇ ਜਸ਼ਨਾਂ ਤੋਂ ਠੀਕ ਪਹਿਲਾਂ ਵਾਪਰੀ, ਜਿਸ ਕਾਰਨ ਹੱਤਿਆਵਾਂ ਤੋਂ ਬਾਅਦ ਸਮਾਗਮ ਰੱਦ ਕਰ ਦਿੱਤੇ ਗਏ ਹਨ। ਇਟਲੀ ਦੇ ਬੇਰਗਾਮੋ ਸੂਬੇ ਦੇ ਕੋਵੋ ਵਿੱਚ ਗੁਰਦੁਆਰੇ ਦੇ ਬਾਹਰ ਦੋ ਦਿਨ ਪਹਿਲਾਂ ਜਿਹੜੇ ਦੋ ਪੰਜਾਬੀਆਂ ਦੀ ਗੋਲੀਆਂ ਮਾਰ ਕੇ ਹੱਤਿਆ ਕੀਤੀ ਗਈ, ਉਨ੍ਹਾਂ ਵਿੱਚੋਂ ਰਾਜਿੰਦਰ ਸਿੰਘ ਰੂਮੀ ਡੇਰਾ ਬਾਬਾ ਨਾਨਕ ਦੇ ਪਿੰਡ ਦਰਗਾਬਾਦ ਤੋਂ ਸੀ। ਰਾਜਿੰਦਰ ਦੇ ਪਿਤਾ ਅਮਰੀਕ ਸਿੰਘ ਨੇ ਦੋਸ਼ ਲਾਇਆ ਕਿ ਉਸ ਦੇ ਪੁੱਤ ਦੀ ਹੱਤਿਆ ਗੁਰਦੁਆਰੇ ਦੀ ਪ੍ਰਧਾਨਗੀ ਨੂੰ ਲੈ ਕੇ ਹੋਈ ਹੈ।

ਉਨ੍ਹਾਂ ਕਿਹਾ ਕਿ ਰਾਜਿੰਦਰ ਕਾਫ਼ੀ ਸਮੇਂ ਤੋਂ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਸੀ।, ਜੋ ਵਿਰੋਧੀ ਧਿਰ ਨੂੰ ਪਸੰਦ ਨਹੀਂ ਸੀ। ਉਨ੍ਹਾਂ ਕਿਹਾ ਕਿ ਉਸ ਨੇ ਆਪਣੇ ਪੁੱਤ ਨੂੰ ਗੁਰਦੁਆਰੇ ਦੀ ਪ੍ਰਧਾਨਗੀ ਤੋਂ ਲਾਂਭੇ ਹੋਣ ਲਈ ਕਈ ਵਾਰ ਕਿਹਾ ਸੀ।






# ਈਰਾਨ ਵੱਲੋਂ ਭਾਰਤ ਆ ਰਹੇ ਮਾਲਵਾਹਕ ਜਹਾਜ਼ ਸਮੇਤ ਤਿੰਨ 'ਤੇ ਕਬਜ਼ਾ

ਤਹਿਰਾਨ: ਈਰਾਨ ਦੀ ਫ਼ੌਜ ਨੇ ਹਾਰਮੁਜ਼ ਦੀ ਖਾੜੀ ਵਿੱਚ ਤਿੰਨ ਮਾਲਵਾਹਕ ਜਹਾਜ਼ਾਂ 'ਤੇ ਗੋਲੀਬਾਰੀ ਕੀਤੀ। ਇਸ ਘਟਨਾ ਨੇ ਦੁਨੀਆ ਭਰ ਵਿੱਚ ਤੇਲ ਅਤੇ ਗੈਸ ਦੀ ਸਪਲਾਈ ਲਈ ਵੱਡਾ ਖ਼ਤਰਾ ਪੈਦਾ ਕਰ ਦਿੱਤਾ ਹੈ। ਈਰਾਨੀ ਮੀਡੀਆ ਮੁਤਾਬਕ ਰੈਵੋਲਿਊਸ਼ਨਰੀ ਗਾਰਡਜ਼ ਨੇ ਤਿੰਨ ਜਹਾਜ਼ਾਂ 'ਤੇ ਹਮਲਾ ਕਰਕੇ ਉਨ੍ਹਾਂ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ। ਇਨ੍ਹਾਂ ਵਿੱਚੋਂ ਦੋ ਜਹਾਜ਼ਾਂ ਦੀ ਪਛਾਣ 'ਐੱਮ ਐੱਸ ਸੀ ਫਰਾਂਸਿਸਕਾ' ਅਤੇ 'ਐਪਾਮੀਨੋਂਡਸ' ਵਜੋਂ ਹੋਈ ਹੈ।

ਈਰਾਨ ਦਾ ਕਹਿਣਾ ਹੈ ਕਿ ਇਹ ਜਹਾਜ਼ ਚਿਤਾਵਨੀ ਦੇਣ ਦੇ ਬਾਵਜੂਦ ਨਹੀਂ ਰੁਕੇ, ਜਦ ਕਿ ਬ੍ਰਿਟਿਸ਼ ਮਿਲਟਰੀ ਅਨੁਸਾਰ ਜਹਾਜ਼ਾਂ 'ਤੇ ਬਿਨਾਂ ਕਿਸੇ ਚਿਤਾਵਨੀ ਦੇ ਗੋਲੀਬਾਰੀ ਕੀਤੀ ਗਈ। ਅਪੁਸ਼ਟ ਰਿਪੋਰਟ ਅਨੁਸਾਰ ਐਪਾਮੀਨੋਂਡਸ ਲਬੇਰੀਆ ਦੇ ਝੰਡੇ ਵਾਲਾ ਮਾਲਵਾਹਕ ਜਹਾਜ਼ ਜੈਬਲੇ ਅਲੀ (ਦੁਬਈ) ਤੋਂ ਗੁਜਰਾਤ ਆ ਰਿਹਾ ਸੀ। ਹਾਰਮੁਜ਼ ਜਲ ਮਾਰਗ ਦੁਨੀਆ ਲਈ ਬਹੁਤ ਮਹੱਤਵਪੂਰਨ ਹੈ, ਕਿਉਂਕਿ ਦੁਨੀਆ ਦਾ 20 ਪ੍ਰਤੀਸ਼ਤ ਤੇਲ ਅਤੇ ਗੈਸ ਇਸੇ ਰਸਤੇ ਜਾਂਦਾ ਹੈ। ਈਰਾਨੀ ਡਿਪਲੋਮੈਟਾਂ ਨੇ ਸਾਫ਼ ਕਰ ਦਿੱਤਾ ਹੈ ਕਿ ਜਦੋਂ ਤੱਕ ਅਮਰੀਕਾ ਉਨ੍ਹਾਂ ਦੀਆਂ ਬੰਦਰਗਾਹਾਂ ਤੋਂ ਪਾਬੰਦੀਆਂ ਅਤੇ ਘੇਰਾਬੰਦੀ ਨਹੀਂ ਹਟਾਉਂਦਾ, ਉਦੋਂ ਤੱਕ ਉਹ ਕਿਸੇ ਵੀ ਤਰ੍ਹਾਂ ਦੀ ਗੱਲਬਾਤ ਵਿੱਚ ਸ਼ਾਮਲ ਨਹੀਂ ਹੋਣਗੇ।


ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC

ਇਸ ਹਫਤੇ ਦੇ ਪ੍ਰੋਗਰਾਮ

*24 ਅਪ੍ਰੈਲ ਦਿਨ ਸ਼ੁੱਕਰਵਾਰ ਆਰੰਭ ਸ੍ਰੀ ਅਖੰਡ ਪਾਠ ਸਾਹਿਬ, ਸੇਵਾ ਨਵਤੇਜ ਸਿੰਘ ਪਰਿਵਾਰ ਵੱਲੋਂ

*26 ਅਪ੍ਰੈਲ ਦਿਨ ਐਤਵਾਰ ਸਵੇਰੇ ਸ੍ਰੀ ਅਖੰਡਪਾਠ ਸਾਹਿਬ ਦੇ ਭੋਗ ਪਾਏ ਜਾਣਗੇ, ਉਪਰੰਤ ਹਫਤਾਵਾਰੀ ਦੀਵਾਨ ਸਜਣਗੇ

*26 ਅਪ੍ਰੈਲ ਦਿਨ ਐਤਵਾਰ ਸਵੇਰੇ ਹਾਲ ਨੰਬਰ 2 ਵਿਚ ਕਾਕਾ ਜਸਪ੍ਰੀਤ ਸਿੰਘ ਅਤੇ ਬੇਟੀ ਦਿਵਰੀਤ ਕੌਰ ਦੇ ਅਨੰਦ ਕਾਰਜ ਹੋਣਗੇ।

*26 ਅਪ੍ਰੈਲ ਦਿਨ ਐਤਵਾਰ ਦੁਪਹਿਰ 2 ਵਜੇ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਜਿਸਦੀ ਸੇਵਾ ਗੁਰਜੋਤ ਸਿੰਘ ਪਰਿਵਾਰ ਵੱਲੋਂ ਹੋਵੇਗੀ।

*26 ਅਪ੍ਰੈਲ ਦਿਨ ਐਤਵਾਰ ਸ਼ਾਮ 4.30 ਵਜੇ ਸੁਖਮਨੀ ਸਾਹਿਬ ਦੇ ਪਾਠ, ਕੀਰਤਨ ਅਤੇ ਲੰਗਰਾਂ ਦੀ ਸੇਵਾ ਹਰਜੀਤ ਸਿੰਘ ਮਿਨਹਾਸ ਪਰਿਵਾਰ ਵੱਲੋਂ ਹੋਵੇਗੀ।

ਨੋਟ:ਗੁਰਦੁਆਰਾ ਸਾਹਿਬ ਵਿਖੇ ਬੁੱਧਵਾਰ, ਵੀਰਵਾਰ, ਸ਼ਨਿੱਚਰਵਾਰ ਅਤੇ ਐਤਵਾਰ ਸ਼ਾਮ 7-9 ਵਜੇ ਤੱਕ ਗੁਰਬਾਣੀ ਸੰਥਿਆ, ਕੀਰਤਨ ਤੇ ਪੰਜਾਬੀ ਦੀਆਂ ਕਲਾਸਾਂ ਲਗਦੀਆਂ ਹਨ

ਰਾਗੀ ਜੱਥਾ
ਸਤਨਾਮ ਸਿੰਘ
ਲੁਧਿਆਣੇ ਵਾਲੇ


ਕਥਾਵਾਚਕ
ਗਿਆਨੀ ਨਿਰਵੈਲ ਸਿੰਘ
ਬੀੜ ਬਾਬਾ ਬੁੱਢਾ ਜੀ ਵਾਲੇ

ਤਬਲਾ ਸਿੱਖਣ ਲਈ ਸੰਪਰਕ ਕਰੋ:
604-585-0319

ਹਰ ਮੱਸਿਆ ਤੇ ਸ਼ਾਮ ਨੂੰ 6-9 ਵਜੇ ਵਿਸ਼ੇਸ਼ ਪ੍ਰੋਗਰਾਮ ਹੁੰਦੇ ਹਨ

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ:ਗੁਰਦੁਆਰਾ ਸਾਹਿਬ:604-585-0319

ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007



ਗੁਰਬਾਣੀ ਸਿਮਰਨ ਹਰ ਐਤਵਾਰ ਦੁਪਹਿਰ 1 ਤੋਂ 4 ਵਜੇ ਤੱਕ ਹੁੰਦੇ ਹਨ

ਰੋਜਾਨਾ ਦੇ ਪ੍ਰੋਗਰਾਮ

ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਕੈਨੇਡੀਅਨ ਬ੍ਰੌਡਕਾਸਟਿੰਗ ਕਾਰਪੋਰੇਸ਼ਨ ਦੀ ਡਾਕੂਮੈਂਟਰੀ ਨੇ ਕੀਤਾ ਖੁਲਾਸਾ
# ਕਬੱਡੀ ਤੋਂ ਬਾਅਦ ਹੁਣ ਕੈਨੇਡਾ ਵਿੱਚ ਪੰਜਾਬੀ ਗੈਂਗਸਟਰਾਂ ਦੇ ਨਿਸ਼ਾਨੇ ਤੇ ਕ੍ਰਿਕਟ ਮੈਚ ਫਿਕਸਿੰਗ

ਆਟਵਾ:-ਕਬੱਡੀ ਵਿੱਚ ਕਥਿਤ ਡੂੰਘੀ ਸ਼ਮੂਲੀਅਤ ਤੋਂ ਬਾਅਦ, ਲਾਰੈਂਸ ਬਿਸ਼ਨੋਈ ਗੈਂਗ ਨਾਲ ਜੁੜੇ ਗੈਂਗਸਟਰਾਂ ਨੇ ਹੁਣ ਆਪਣਾ ਧਿਆਨ ਕ੍ਰਿਕਟ ਵੱਲ ਮੋੜ ਲਿਆ ਹੈ। 'ਦਿ ਫਿਫਥ ਸਟੇਟ' ਦੀ ਇੱਕ ਵੱਡੀ ਜਾਂਚ ਅਨੁਸਾਰ ਕੈਨੇਡੀਅਨ ਕ੍ਰਿਕਟ ਵਿੱਚ ਧਮਕੀਆਂ ਡਰਾਉਣ-ਧਮਕਾਉਣ ਅਤੇ ਮੈਚ ਫਿਕਸਿੰਗ ਦੇ ਗੰਭੀਰ ਦੋਸ਼ ਸਾਹਮਣੇ ਆਏ ਹਨ।



ਕੈਨੇਡੀਅਨ ਬ੍ਰੌਡਕਾਸਟਿੰਗ ਕਾਰਪੋਰੇਸ਼ਨ ਦੀ ਡਾਕੂਮੈਂਟਰੀ " ਨੇ ਖੁਲਾਸਾ ਕੀਤਾ ਹੈ ਕਿ ਕਿਵੇਂ ਬਿਸ਼ਨੋਈ ਗੈਂਗ ਦੀ ਨੁਮਾਇੰਦਗੀ ਕਰਨ ਦਾ ਦਾਅਵਾ ਕਰਨ ਵਾਲੇ ਵਿਅਕਤੀਆਂ ਨੇ ਜੁਲਾਈ 2025 ਵਿੱਚ ਸਰੀ, ਬ੍ਰਿਟਿਸ਼ ਕੋਲੰਬੀਆ ਵਿੱਚ ਰਾਸ਼ਟਰੀ ਟੀਮ ਦੇ ਖਿਡਾਰੀਆਂ ਨੂੰ ਕਥਿਤ ਤੌਰ 'ਤੇ ਧਮਕਾਇਆ ਸੀ। ਇਹ ਧਮਕੀਆਂ ਭਾਰਤੀ ਮੂਲ ਦੇ ਖਿਡਾਰੀ ਦਿਲਪ੍ਰੀਤ ਸਿੰਘ ਬਾਜਵਾ ਨੂੰ ਕਪਤਾਨ ਵਜੋਂ ਤੇਜ਼ੀ ਨਾਲ ਉਭਾਰਨ ਲਈ ਸਮਰਥਨ ਹਾਸਲ ਕਰਨ ਵਾਸਤੇ ਦਿੱਤੀਆਂ ਗਈਆਂ ਸਨ। ਦਿਲਪ੍ਰੀਤ ਬਾਜਵਾ, ਜੋ ਮੂਲ ਰੂਪ ਵਿੱਚ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਬਟਾਲਾ ਦਾ ਰਹਿਣ ਵਾਲਾ ਹੈ ਅਤੇ ਡੀਏਵੀ ਸੈਂਟੇਨਰੀ ਸਕੂਲ ਦਾ ਸਾਬਕਾ ਵਿਦਿਆਰਥੀ ਹੈ, 2020 ਵਿੱਚ ਕੈਨੇਡਾ ਗਿਆ ਸੀ। ਉਸ ਨੂੰ 2026 ਦੇ ਟੀ-20 ਵਿਸ਼ਵ ਕੱਪ ਤੋਂ ਕੁਝ ਹਫ਼ਤੇ ਪਹਿਲਾਂ ਕਪਤਾਨ ਨਿਯੁਕਤ ਕੀਤਾ ਗਿਆ ਸੀ, ਜਿਸ ਫੈਸਲੇ ਨੇ ਚੋਣਕਾਰਾਂ, ਕੋਚ ਅਤੇ ਸੀਨੀਅਰ ਖਿਡਾਰੀਆਂ ਨੂੰ ਹੈਰਾਨ ਕਰ ਦਿੱਤਾ ਸੀ।

ਸੀਬੀਸੀ ਰਿਪੋਰਟ ਅਤੇ ਵਿਸ਼ਵਵਿਆਪੀ ਨਿਊਜ਼ ਆਊਟਲੇਟਸ ਨੇ ਹਾਈਲਾਈਟ ਕੀਤਾ ਹੈ ਕਿ ਅੰਤਰਰਾਸ਼ਟਰੀ ਕ੍ਰਿਕਟ ਕੌਂਸਲ ਦੀ ਭ੍ਰਿਸ਼ਟਾਚਾਰ ਵਿਰੋਧੀ ਇਕਾਈ ਟੀ-20 ਵਿਸ਼ਵ ਕੱਪ ਦੌਰਾਨ ਚੇਨਈ ਵਿੱਚ ਨਿਊਜ਼ੀਲੈਂਡ ਵਿਰੁੱਧ ਸੁੱਟੇ ਗਏ ਇੱਕ ਸ਼ੱਕੀ ਓਵਰ ਲਈ ਬਾਜਵਾ ਦੀ ਜਾਂਚ ਕਰ ਰਹੀ ਹੈ। ਇਸ ਓਵਰ ਵਿੱਚ ਉਸ ਨੇ ਇੱਕ ਨੋ-ਬਾਲ, ਇੱਕ ਵਾਈਡ ਸੁੱਟੀ ਅਤੇ 15 ਦੌੜਾਂ ਦਿੱਤੀਆਂ। ਆਈਸੀਸੀ ਵੱਲੋਂ ਬਾਜਵਾ ਤੋਂ ਪੁੱਛਗਿੱਛ ਕੀਤੀ ਗਈ ਅਤੇ ਰਿਪੋਰਟਾਂ ਅਨੁਸਾਰ ਉਸਦਾ ਫੋਨ ਵੀ ਤਲਾਸ਼ਿਆ ਗਿਆ।

ਡੈਲਟਾ, ਬੀਸੀ ਵਿੱਚ ਕੈਨੇਡੀਅਨ ਪੁਲੀਸ ਅਤੇ ਆਰ ਸੀ ਐਮ ਪੀ ਇਸ ਘੁਟਾਲੇ ਨਾਲ ਜੁੜੇ ਘਰਾਂ 'ਤੇ ਗੋਲੀਬਾਰੀ, ਜਾਨੋਂ ਮਾਰਨ ਦੀਆਂ ਧਮਕੀਆਂ ਅਤੇ ਦਖਲਅੰਦਾਜ਼ੀ ਦੇ ਦੋਸ਼ਾਂ ਦੀ ਜਾਂਚ ਕਰ ਰਹੇ ਹਨ। ਡਾਕੂਮੈਂਟਰੀ ਵਿੱਚ ਸੂਤਰਾਂ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਡਰਾਉਣ-ਧਮਕਾਉਣ ਦਾ ਮੁੱਖ ਉਦੇਸ਼ ਬਾਜਵਾ ਅਤੇ ਇੱਕ ਹੋਰ ਖਿਡਾਰੀ ਦੇ ਅਹੁਦੇ ਦੀ ਰੱਖਿਆ ਕਰਨਾ ਸੀ। ਕ੍ਰਿਕਟ ਕੈਨੇਡਾ ਦੇ ਸਾਬਕਾ ਅਧਿਕਾਰੀਆਂ ਨੇ ਧਮਕੀਆਂ ਦੀ ਜਾਣਕਾਰੀ ਹੋਣ ਤੋਂ ਇਨਕਾਰ ਕੀਤਾ ਹੈ, ਜਦੋਂ ਕਿ ਬੋਰਡ ਨੂੰ ਮਾੜੇ ਸ਼ਾਸਨ ਅਤੇ ਬਾਹਰੀ ਦਖਲਅੰਦਾਜ਼ੀ ਦੇ ਵਿਆਪਕ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਈਸੀਸੀ, ਕੈਨੇਡੀਅਨ ਪੁਲੀਸ ਅਤੇ ਕ੍ਰਿਕਟ ਕੈਨੇਡਾ ਵੱਲੋਂ ਜਾਂਚ ਜਾਰੀ ਹੈ ਅਤੇ ਅਜੇ ਤੱਕ ਕੋਈ ਦੋਸ਼ ਆਇਦ ਨਹੀਂ ਕੀਤੇ ਗਏ ਹਨ।

# ਗੁਜਰਾਤ ਤੋਂ ਬੰਗਾਲ ਦੇ ਵੋਟਰਾਂ ਨੂੰ ਲਿਆਉਣ ਲਈ ਬੀ ਜੇ ਪੀ ਕਰ ਰਹੀ ਹੈ ਰੇਲਵੇ ਦੀ ਦੁਰਵਰਤੋਂ:ਟੀਐਮਸੀ

ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਦੇ ਪਹਿਲੇ ਗੇੜ ਤੋਂ ਕੁਝ ਘੰਟੇ ਪਹਿਲਾਂ, ਤ੍ਰਿਣਮੂਲ ਕਾਂਗਰਸ (ਠੰਛ) ਨੇ ਬੁੱਧਵਾਰ ਨੂੰ ਪੱਛਮੀ ਬੰਗਾਲ ਦੇ ਮੁੱਖ ਚੋਣ ਅਧਿਕਾਰੀ ਨੂੰ ਚਿੱਠੀ ਲਿਖੀ ਹੈ। ਇਸ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਭਾਜਪਾ ਚੋਣ ਜ਼ਾਬਤੇ ਦੀ ਉਲੰਘਣਾ ਕਰਕੇ ਵੋਟਰਾਂ ਨੂੰ ਲਿਆਉਣ ਲਈ ਸੂਰਤ ਤੋਂ ਪੱਛਮੀ ਬੰਗਾਲ ਤੱਕ ਮੁਫ਼ਤ ਵਿਸ਼ੇਸ਼ ਰੇਲ ਗੱਡੀਆਂ ਦਾ ਪ੍ਰਬੰਧ ਕਰ ਰਹੀ ਹੈ।

ਪਾਰਟੀ ਆਗੂ ਡੇਰੇਕ ਓ ਬ੍ਰਾਇਨ ਨੇ ਇੱਕ ਪੱਤਰ ਵਿੱਚ ਕਿਹਾ ਕਿ ਉਨ੍ਹਾਂ ਨੂੰ ਸੋਸ਼ਲ ਮੀਡੀਆ ਪੋਸਟ ਰਾਹੀਂ ਪਤਾ ਲੱਗਾ ਹੈ ਕਿ "ਭਾਜਪਾ ਅਤੇ ਇਸ ਦੀ ਗੁਜਰਾਤ ਇਕਾਈ ਨੇ ਪੱਛਮੀ ਬੰਗਾਲ ਦੇ ਰਜਿਸਟਰਡ ਪਰਵਾਸੀ ਮਜ਼ਦੂਰਾਂ ਨੂੰ ਸੂਬੇ ਵਿੱਚ ਲਿਆਉਣ ਲਈ ਵਿਸ਼ੇਸ਼ ਰੇਲ ਗੱਡੀਆਂ ਦਾ ਪ੍ਰਬੰਧ ਕੀਤਾ ਹੈ ਅਤੇ ਮੁਫ਼ਤ ਯਾਤਰਾ, ਖਾਣਾ ਤੇ ਨਾਸ਼ਤਾ ਮੁਹੱਈਆ ਕਰਵਾਇਆ ਹੈ।


ਲਰਨਿੰਗ ਲਾਇਸੈਂਸ
A TO Z DRIVING SCHOOL
ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ




ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL
Lucky: 604-614-5365
Unit 15 - 8388 128 St., Surrey



TMG LOGISTICS INC.

Need Owner Operators

NOW HIRING

*Vancouver to California *California to Alberta Back Vancouver
*Vancouver to East USA Return

Good Paying Loads



Need Company Drivers
*Single Driver Pay 52cents/mile*
*Team Drivers 32 cents/mile*

FOR MORE INFORMATION CALL AT:
(604) 598-3680 Fax: 604-596-3681 Cell: 778-838-3680
#121-13140-80Ave Surrey, BC V3W 3B2


VELOCITY
TRUCK CENTRES
PREMIUM QUALITY
COMMERCIAL VEHICLES
ਨਵੇਂ ਅਤੇ ਪਹਿਲਾਂ ਤੋਂ ਮਾਲਕੀ ਵਾਲੇ ਟਰੱਕਾਂ, ਬੱਸਾਂ ਅਤੇ ਟ੍ਰੇਲਰਾਂ ਲਈ ਤੁਹਾਡੀ ਇੱਕ-ਸਟਾਪ ਮੰਜ਼ਿਲ
ਪ੍ਰਮੁੱਖ ਬ੍ਰਾਂਡਾਂ ਦੇ ਅਧਿਕਾਰਤ ਡੀਲਰ ਦੇ ਰੂਪ ਵਿੱਚ
ਅਸੀਂ ਹਾਈਵੇਅ ਅਤੇ ਵੋਕੇਸ਼ਨਲ ਐਪਲੀਕੇਸ਼ਨਾਂ ਦੋਵਾਂ ਲਈ ਹੱਲ ਪੇਸ਼ ਕਰਦੇ ਹਾਂ
ਅੱਜ ਹੀ ਆਪਣੇ ਫਲੀਟ ਨੂੰ ਅਪਗ੍ਰੇਡ ਕਰੋ ਜਾਂ ਵਧਾਓ
velocitytruckcentres.ca/inventory
INVENTORY
ਨਵੇਂ ਅਤੇ ਪੁਰਾਣੇ ਟਰੱਕਾਂ, ਬੱਸਾਂ ਅਤੇ ਟ੍ਰੇਲਰਾਂ ਲਈ ਤੁਹਾਡੀ ਇੱਕ-ਸਟਾਪ ਮੰਜ਼ਿਲ
ਪ੍ਰਮੁੱਖ ਬ੍ਰਾਂਡਾਂ ਦੇ ਇੱਕ ਅਧਿਕਾਰਤ ਡੀਲਰ ਹੋਣ ਦੇ ਨਾਤੇ, ਅਸੀਂ ਹਾਈਵੇਅ ਅਤੇ ਕਿੱਤਾਮੁਖੀ ਐਪਲੀਕੇਸ਼ਨਾਂ ਦੋਵਾਂ ਲਈ ਹੱਲ ਪੇਸ਼ ਕਰਦੇ ਹਾਂ।
ਪ੍ਰਮੁੱਖ ਬ੍ਰਾਂਡਾਂ ਦਾ ਮਾਣਮੱਤਾ ਡੀਲਰ
FREIGHTLINER
WESTERN STAR
AUTOCAR
RIZON
CROSS COUNTRY MANUFACTURING
DOEPKER TRAILERS
K-LINE
LODE KING
PEERLESS
TRAIL KING
crossroads
Equipment Lease & Finance
ਆਸਾਨ ਫਾਇਨੈਂਸਿੰਗ
ਕ੍ਰਾਸਰੋਡ ਰਾਹੀਂ, ਅਸੀਂ ਇਹਨਾਂ ਲਈ ਲਚਕਦਾਰ, ਕਸਟਮ-ਅਨੁਕੂਲ ਵਿੱਤ ਅਤੇ ਲੀਜ਼ਿੰਗ ਹੱਲ ਪੇਸ਼ ਕਰਦੇ ਹਾਂ:
*ਨਵੇਂ ਜਾਂ ਵਰਤੇ ਗਏ ਉਪਕਰਣ
*ਕਨਸੋਲੀਡੇਸ਼ਨ ਲੋਨ
*ਕ੍ਰੈਡਿਟ ਲਾਈਨਾਂ
ਆਪਣੇ ਵਿਕਲਪਾਂ ਦੀ ਪੜਚੋਲ ਕਰਨ ਲਈ gisekham@crlease.ca 'ਤੇ ਗੁਰਪਾਲ ਸੀਖਮ ਨਾਲ ਸੰਪਰਕ ਕਰੋ ਜਾਂ crlease.ca 'ਤੇ ਜਾਓ।
672.727.9560 | 604.888.1424 | velocitytruckcentres.ca
18688 - 96th Ave, Surrey, BC, V4N 3P9, Canada
Call:672-727-9560

# ਖਾਲਸਾ ਸਾਜਨਾ ਦਿਵਸ ਨੂੰ ਸਮਰਪਿ
# ਰਾਜ ਕਰੇਗਾ ਖਾਲਸਾ ਅਤੇ ਖਾਲਿਸਤਾਨ ਦੇ ਜੈ





ਸਰੀ(ਪੰਧੇਰ ਗੁਰਸੇਵ ਸਿੰਘ):18 ਅਪ੍ਰੈਲ 2026 ਦਿਨ ਸ਼ਨੀਵਾਰ ਨੂੰ ਕੈਨੇਡਾ ਦੇ ਸ਼ਹਿਰ ਸਰੀ ਵਿੱਚ ਰਾਜ ਕਰੇਗਾ ਖਾਲਸਾ ਅਤੇ ਖਾਲਿਸਤਾਨ ਦੇ ਜੈਕਾਰੇ ਗੂਜ ਰਹੇ ਸਨ। 'ਬੋਲੇ ਸੋ ਨਿਹਾਲ' ਜੈਕਾਰਿਆਂ ਨਾਲ ਜਦੋਂ ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ ਵੱ
ਵਿਚਕਾਰ ਸੀ। ਨਗਰ ਕੀਰਤਨ ਵਿੱਚ ਸ਼ਾਮਲ ਨੌਜਵਾਨਾਂ, ਬੀਬੀਆਂ, ਬੱਚਿਆਂ ਅਤੇ ਬਜ਼ੁਰਗਾਂ ਦਾ ਉਤਸ਼ਾਹ ਨਾਲ ਸ਼ਾਮਲ ਹੋਣਾ ਅਦਭੁੱਤ ਨਜ਼ਾਰਾ ਪੇਸ਼ ਕਰ ਰਿਹਾ ਸੀ। ਨਗਰ ਕੀਰਤਨ ਦੀ ਸ਼ੁਰੂਆਤ ਗੁਰਦੁਆਰਾ ਦਸ਼ਮੇਸ਼ ਦਰਬਾਰ ਤੋਂ ਸਵੇਰੇ 8 ਵਜੇ ਅ
ਗੁਰਦੁਆਰਾ ਸਾਹਿਬ ਵਿਖੇ ਸੰਪੂਰਨ ਹੋਇਆ। ਪੂਰੇ ਰੂਟ 'ਤੇ ਸੰਗਤਾਂ ਦਾ ਹੜ੍ਹ ਆਇਆ ਹੋਇਆ ਸੀ। ਵੱਖ-ਵੱਖ ਪੰਜਾਬੀ ਸਕੂਲਾਂ ਦੇ ਵਿਦਿਆਰਥੀ ਸ਼ਬਦ ਕੀਰਤਨ ਰਾਹੀਂ ਇਲਾਹੀ ਬਾਣੀ ਦਾ ਪ੍ਰਵਾਹ ਚਲਾ ਰਹੇ ਸਨ, ਜਦਕਿ ਗਤਕਾ ਅਖਾੜਿਆਂ ਦੇ ਸਿ
ਬ੍ਰਿਟਿਸ਼ ਕੋਲੰਬੀਆ (ਬੀ.ਸੀ.) ਦੀਆਂ ਕਈ ਪ੍ਰਮੁੱਖ ਰਾਜਸੀ ਸ਼ਖ਼ਸੀਅਤਾਂ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲੁਆਈ ਅਤੇ ਸਿੱਖ ਸੰਗਤਾਂ ਨੂੰ ਵਿਸਾਖੀ ਦੀਆਂ ਮੁਬਾਰਕਬਾਦ ਦਿੱਤੀਆਂ। ਬੀ.ਸੀ. ਦੇ ਪ੍ਰੀਮੀਅਰ ਡੇਵਿਡ ਈਬੀ ਨੇ ਸੰਗਤ ਦੇ ਵਿਸ਼ਾਲ ਇਕੱਠ ਨੂੰ ਸੰਬੋ
ਖਾਲਸਿਤਾਨੀ ਬੁਲਾਰਿਆਂ ਨੇ ਕੌਮ ਦੀ ਅਜ਼ਾਦੀ ਬਾਰੇ ਖੁਲ੍ਹ ਕੇ ਗੱਲ ਕੀਤੀ। ਸਰੀ ਦੀਆਂ ਸੜਕਾਂ 'ਤੇ ਪੰਜਾਬੀ ਸੱਭਿਆਚਾਰ ਅਤੇ ਸਿੱਖੀ ਦੀ 'ਵੰਡ ਛਕਣ' ਦੀ ਪ੍ਰੰਪਰਾ ਸਾਫ਼ ਝਲਕ ਰਹੀ ਸੀ। ਪੂਰੇ ਰੂਟ ਉੱਪਰ ਸਥਾਨਕ ਕਾਰੋਬਾਰੀਆਂ ਅਤੇ ਸ਼ਰਧਾਲੂਆਂ ਵ
ਸੰਬੋਧਨ ਰਾਹੀਂ ਖਾਲਸਾ ਸਾਜਨਾ ਦਿਵਸ ਦੀ ਮਹੱਤਤਾ 'ਤੇ ਚਾਨਣਾ ਪਾਇਆ ਅਤੇ ਖਾਲਸਾ ਪੰਥ ਨੂੰ ਵਧਾਈ ਦਿੱਤੀ। ਸਰੀ ਸਿਟੀ ਦੀ ਮੇਅਰ ਬਰਿੰਡਾ ਲੌਕ ਨੇ ਵੀ ਨਗਰ ਕੀਰਤਨ ਵਿੱਚ ਪਹੁੰਚ ਕੇ ਸ਼ਹਿਰ ਵਾਸੀਆਂ ਨੂੰ ਵਧਾਈ ਦਿੱਤੀ। ਇਸ ਤੋਂ ਇਲਾਵਾ ਸ
ਇਸ ਵਾਰ ਸਾਹਿਤਕ ਰੰਗ ਵੀ ਗੂੜ੍ਹਾ ਦੇਖਣ ਨੂੰ ਮਿਲਿਆ। ਪੰਜਾਬ ਗਾਰਡੀਅਨ ਵੱਲੋਂ ਕਿਤਾਬਾ ਦਾ ਲੰਗਰ ਲਾਇਆ ਗਿਆ। ਸਰੀ ਪੁਲਿਸ, ਪ੍ਰਸ਼ਾਸਨ ਅਤੇ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਵੱਲੋਂ ਕੀਤੇ ਗਏ ਸੁਚਾਰੂ ਪ੍ਰਬੰਧਾਂ ਸਦਕਾ ਲੱਖਾਂ ਦੀ ਭੀੜ ਦੇ ਬਾਵ

# ਤ ਇਤਿਹਾਸਕ ਨਗਰ ਕੀਰਤਨ
# ਕਾਰਿਆਂ ਦੀਆਂ ਸਰੀ ਵਿਚ ਪਈਆਂ ਗੂੰਜਾਂ




ਲੋਂ ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੇ ਪਵਿੱਤਰ ਦਿਹਾੜੇ ਨੂੰ ਸਮਰਪਿਤ ਸਾਲਾਨਾ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਨੇ ਸ਼ਮੂਲੀਅਤ ਕੀਤੀ,ਸੂਤਰਾਂ ਮੁਤਾਬਿਕ ਇਹ ਗਿਣਤੀ 6 ਤੋਂ 7 ਲੱਖ ਦੇ
ਰਦਾਸ ਉਪਰੰਤ ਹੋਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਇਹ ਕਾਫ਼ਲਾ 128 ਸਟਰੀਟ, 82 ਐਵੀਨਿਊ, 124 ਸਟਰੀਟ ਅਤੇ 76 ਐਵੀਨਿਊ ਹੁੰਦਾ ਹੋਇਆ ਸ਼ਾਮ 5 ਵਜ਼ੇ ਵਾਪਸ
ਸੰਘਾਂ ਨੇ ਜੰਗਜੂ ਕਲਾ ਦੇ ਜੌਹਰ ਦਿਖਾ ਕੇ ਸਭ ਨੂੰ ਹੈਰਾਨ ਕਰ ਦਿੱਤਾ। ਗੁਰਦਵਾਰਾ ਸਾਹਿਬ ਦਸ਼ਮੇਸ ਦਰਬਾਰ ਦੇ ਸਮੁੱਚੇ ਕਮੇਟੀ ਮੈਂਬਰ ਅਤੇ ਸੇਵਾਦਾਰ ਬਹੁਤ ਹੀ ਤਨਦੇਹੀ ਨਾਲ ਸੇਵਾ ਕਰ ਰਹੇ ਸਨ। ਮੇਨ ਸਟੇਜ ਤੋਂ ਨਗਰ ਕੀਰਤਨ ਦੌਰਾਨ
ਧਨ ਕਰਦਿਆਂ ਸਿੱਖ ਭਾਈਚਾਰੇ ਦੇ ਕੈਨੇਡਾ ਦੀ ਤਰੱਕੀ ਵਿੱਚ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ। ਪੰਜਾਬ ਤੋਂ ਆਏ ਦਲ ਖਾਲਸਾ ਦੇ ਪ੍ਰਮਜੀਤ ਸਿੰਘ ਮੰਡ ਨੇ ਖਾਲਿਸਤਾਨ ਅਤੇ ਸਿੱਖ ਕੌਮ ਦੀ ਅਜ਼ਾਦੀ ਦਾ ਸੁਨੇਹਾ ਦਿੱਤਾ। ਵੱਖ ਵੱਖ ਸਟੇਜਾਂ ਤੋਂ
ਵੱਲੋਂ ਅਣਗਿਣਤ ਲੰਗਰ ਲਾਏ ਗਏ ਸਨ। ਫੈਡਰਲ ਸਰਕਾਰ ਦੇ ਨੁਮਾਇੰਦੇ ਵਜੋਂ ਮੈਂਬਰ ਪਾਰਲੀਮੈਂਟ ਸੁਖ ਧਾਲੀਵਾਲ, ਰਣਦੀਪ ਸਿੰਘ ਸਰਾਏ ਅਤੇ ਨੌਜਵਾਨ ਐਮ ਐਲ ਏ ਮਨਦੀਪ ਸਿੰਘ ਧਾਲੀਵਾਲ ਨੇ ਵੀ ਵੱਖ ਵੱਖ ਸਟੇਜਾਂ ਉੱਪਰ ਆਪਣੇ
ਸੂਬਾਈ ਸਰਕਾਰ ਦੇ ਕਈ ਮੰਤਰੀਆਂ ਅਤੇ ਐਮ.ਐਲ.ਏਜ਼ ਨੇ ਵੀ ਕੇਸਰੀ ਦਸਤਾਰਾਂ ਅਤੇ ਸਕਾਰਫ਼ ਸਜਾ ਕੇ ਨਗਰ ਕੀਰਤਨ ਦੀ ਰੌਣਕ ਵਧਾਈ ਅਤੇ ਵੱਖ-ਵੱਖ ਪੜਾਵਾਂ 'ਤੇ ਸੰਗਤਾਂ ਨਾਲ ਮੁਲਾਕਾਤ ਕੀਤੀ। ਧਾਰਮਿਕ ਸ਼ਰਧਾ ਦੇ ਨਾਲ-ਨਾਲ
ਵਜੂਦ ਨਗਰ ਕੀਰਤਨ ਬੜੀ ਸ਼ਾਂਤੀਪੂਰਵਕ ਨੇਪਰੇ ਚੜ੍ਹਿਆ। ਟ੍ਰੈਫਿਕ ਅਤੇ ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮਾਂ ਨੇ ਸ਼ਰਧਾਲੂਆਂ ਦੀ ਸਹੂਲਤ ਨੂੰ ਯਕੀਨੀ ਬਣਾਇਆ।

# ਗੁਰਦਵਾਰਾ ਨਾਨਕ ਨਿਵਾਸ




8600 - NO. 5 RD., RICHMOND, B.C. • TEL: (604)274-7479, FAX: (604) 274-0046

## ਆਉਣ ਵਾਲੇ ਪ੍ਰੋਗਰਾਮ

22 ਅਪ੍ਰੈਲ ਦਿਨ ਬੁੱਧਵਾਰ ਸਵੇਰੇ 10 ਵਜੇ ਗੁਰਿੰਦਰ ਸੇਖੋਂ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

24 ਅਪ੍ਰੈਲ ਦਿਨ ਸ਼ੁੱਕਰਵਾਰ ਸਵੇਰੇ 10 ਵਜੇ ਸੰਜੀਵ ਪ੍ਰਹਾਰ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

24 ਅਪ੍ਰੈਲ ਦਿਨ ਸ਼ੁੱਕਰਵਾਰ ਦੁਪਹਿਰ 2:30 ਵਜੇ ਸੰਧੂ ਪਰਿਵਾਰ ਵੱਲੋਂ ਬਲਬੀਰ ਸਿੰਘ ਸੰਧੂ ਨਮਿਤ ਰਖਾਏ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਜਾਣਗੇ, ਉਪਰੰਤ ਗੁਰਬਾਣੀ ਕੀਰਤਨ ਤੇ ਅੰਤਮ ਅਰਦਾਸ ਹੋਵੇਗੀ, ਲੰਗਰਾਂ ਦੀ ਸੇਵਾ ਪਰਿਵਾਰ ਵੱਲੋਂ ਹੋਵੇਗੀ।

25 ਅਪ੍ਰੈਲ ਦਿਨ ਸ਼ਨਿੱਚਰਵਾਰ ਸਵੇਰੇ 10 ਵਜੇ ਗੁਰਪ੍ਰੀਤ ਸਿੰਘ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

25 ਅਪ੍ਰੈਲ ਦਿਨ ਸ਼ਨਿੱਚਰਵਾਰ ਸ਼ਾਮ 5 ਵਜੇ ਉਰਮਨਦੀਪ ਕੌਰ ਉੱਪਲ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ, ਗੁਰਬਾਣੀ ਕੀਰਤਨ ਅਤੇ ਲੰਗਰਾਂ ਦੀ ਸੇਵਾ ਉੱਪਲ ਪਰਿਵਾਰ ਵੱਲੋਂ ਹੋਵੇਗੀ।

26 ਅਪ੍ਰੈਲ ਦਿਨ ਐਤਵਾਰ ਸਵੇਰੇ 9:30 ਵਜੇ ਹਫਤਾਵਾਰੀ ਦੀਵਾਨ ਦੀ ਆਰੰਭਤਾ ਸ੍ਰੀ ਸੁਖਮਨੀ ਸਾਹਿਬ ਜੀ ਪਾਠ ਨਾਲ ਹੋਵੇਗੀ, ਉਪਰੰਤ ਕੀਰਤਨ ਦੀਵਾਨ ਤੇ ਕਥਾ ਵਿਚਾਰ ਸਮਾਗਮ ਹੋਣਗੇ, ਉਪਰੰਤ ਲੰਗਰਾਂ ਦੀ ਸੇਵਾ ਸੰਗਤਾਂ ਦੇ ਸਹਿਯੋਗ ਨਾਲ ਹੋਵੇਗੀ।

26 ਅਪ੍ਰੈਲ ਦਿਨ ਐਤਵਾਰ ਸ਼ਾਮ 5 ਵਜੇ ਜੋਗਾ ਸਿੰਘ ਸੰਧੂ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਗੁਰਬਾਣੀ ਕੀਰਤਨ ਤੇ ਲੰਗਰਾਂ ਦੀ ਸੇਵਾ ਸੰਧੂ ਪਰਿਵਾਰ ਵੱਲੋਂ ਹੋਵੇਗੀ।

29 ਅਪ੍ਰੈਲ ਦਿਨ ਬੁੱਧਵਾਰ ਸਵੇਰੇ 10 ਵਜੇ ਸੁਖਵਿੰਦਰ ਕੌਰ ਮਾਨ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

30 ਅਪ੍ਰੈਲ ਦਿਨ ਵੀਰਵਾਰ ਸਵੇਰੇ 10 ਵਜੇ ਗੁਰਮੇਲ ਸਿੰਘ ਬਾਗੜੀ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

1 ਮਈ ਦਿਨ ਸ਼ੁੱਕਰਵਾਰ ਸਵੇਰੇ 10 ਵਜੇ ਸਰਬਜੀਤ ਸਿੰਘ ਬੈਂਸ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

2 ਮਈ ਦਿਨ ਸ਼ਨਿੱਚਰਵਾਰ ਸਵੇਰੇ 10 ਵਜੇ ਸਰਬਜੀਤ ਸੰਧਰ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

3 ਮਈ ਦਿਨ ਐਤਵਾਰ ਸਵੇਰੇ 10:30 ਵਜੇ ਹਫ਼ਤਾਵਾਰੀ ਕੀਰਤਨ ਦੀਵਾਨ ਤੇ ਕਥਾ ਵਿਚਾਰ ਸਮਾਗਮ ਹੋਣਗੇ, ਉਪਰੰਤ ਲੰਗਰਾਂ ਦੀ ਸੇਵਾ ਸੰਗਤਾਂ ਤੇ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਹੋਵੇਗੀ।

3 ਮਈ ਦਿਨ ਐਤਵਾਰ ਸ਼ਾਮ 5 ਵਜੇ ਜਸਵੀਰ ਸਿੰਘ ਚੀਮਾ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ, ਗੁਰਬਾਣੀ ਕੀਰਤਨ ਅਤੇ ਲੰਗਰਾਂ ਦੀ ਸੇਵਾ ਚੀਮਾ ਪਰਿਵਾਰ ਵੱਲੋਂ ਹੋਵੇਗੀ।

ਸਮੂਹ ਸੰਗਤ ਨੂੰ ਬੇਨਤੀ ਹੈ ਕਿ ਹਰ ਐਤਵਾਰ ਸਵੇਰੇ 10.30 ਵਜੇ ਤੋਂ 12 ਵਜੇ ਤੱਕ ਹਫ਼ਤਾਵਾਰੀ ਕੀਰਤਨ, ਕਥਾ ਸਮਾਗਮ ਹੁੰਦੇ ਹਨ, ਸੰਗਤ ਨੂੰ ਸੱਦਾ ਦਿੱਤਾ ਜਾਂਦਾ ਹੈ ਕਿ ਹਫ਼ਤਾਵਾਰੀ ਸਮਾਗਮ ਵਿੱਚ ਆ ਕੇ ਆਪਣੇ ਜੀਵਨ ਨੂੰ ਸਫਲ ਕਰੋ। ਜੇ ਕਿਸੇ ਪਰਿਵਾਰ ਨੇ ਹਫ਼ਤਾਵਾਰੀ ਦੀਵਾਨ ਵਿੱਚ ਗੁਰਬਾਣੀ ਕੀਰਤਨ ਤੇ ਲੰਗਰਾਂ ਦੀ ਸੇਵਾ ਲੈਣੀ ਹੋਵੇ ਉਹ ਪਰਿਵਾਰ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰੋ।

ਜਰੂਰੀ ਸੂਚਨਾ: ਪੰਜਾਬੀ ਸਕੂਲ ਵਿਚ 7 ਸਤੰਬਰ ਦਿਨ ਐਤਵਾਰ ਤੋਂ ਪੰਜਾਬੀ ਕਲਾਸਾਂ ਸ਼ੁਰੂ ਹੋ ਗਈਆਂ ਹਨ, ਬੇਨਤੀ ਹੈ ਕਿ ਆਪਣੇ ਬੱਚਿਆਂ ਨੂੰ ਸਕੂਲ ਵਿੱਚ ਦਾਖਲ ਕਰਵਾਉ ਤਾਂ ਜੋ ਬੱਚੇ ਪੰਜਾਬੀ ਬੋਲ,ਪੜ੍ਹ, ਲਿਖ ਸਕਣ। ਵਧੇਰੇ ਜਾਣਕਾਰੀ ਲਈ ਸਕੱਤਰ ਸ. ਬਲਵੰਤ ਸਿੰਘ ਸੰਘੇੜਾ ਨਾਲ 604-836-8976 ਤੇ ਸੰਪਰਕ ਕਰੋ।

**ਹਰ ਮੰਗਲਵਾਰ ਸਵੇਰੇ 10 ਵਜੇ ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਕੀਤੇ ਜਾਂਦੇ ਹਨ ਅਤੇ ਲੰਗਰਾਂ ਦੀ ਸੇਵਾ ਸਮੂਹ ਸੁਖਮਨੀ ਸਾਹਿਬ ਵਾਲੀਆਂ ਬੀਬੀਆਂ ਵੱਲੋਂ ਹੁੰਦੀ ਹੈ**

### ਰੋਜ਼ਾਨਾ ਪ੍ਰੋਗਰਾਮ:

**ਸਵੇਰੇ 5:00 ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ, ਸਵੇਰੇ 6:00 ਤੋਂ 6:45 ਨਿਤਨੇਮ, ਸਵੇਰੇ 7:00 ਤੋਂ 7:30 ਕੀਰਤਨ ਦੀਵਾਨ, ਸਵੇਰੇ 7:30 ਤੋਂ 7:45 ਕਥਾ, ਸਵੇਰੇ 7:45 ਤੋਂ 8:00 ਅਰਦਾਸ ਸਮਾਪਤੀ**

### ਸ਼ਾਮ ਦੇ ਦੀਵਾਨ:

ਰਹਿਰਾਸ ਸਾਹਿਬ ਸ਼ਾਮ 6 ਤੋਂ 6:20 ਵਜੇ ਤੱਕ ਕੀਰਤਨ/ਅਰਦਾਸ/ਹੁਕਮਨਾਮਾ 6.20 ਤੋਂ 6.45 ਵਜੇ ਤੱਕ ਸੁਖਆਸਣ ਰਾਤ 8:00 ਵਜੇ

| ਪ੍ਰਧਾਨ | ਖਜ਼ਾਨਚੀ | ਸਕੱਤਰ | ਸਹਾਇਕ ਸਕੱਤਰ |
|---|---|---|---|
| ਮੋਹਨ ਸਿੰਘ ਸੰਧੂ | ਕਮਲਜੀਤ ਸਿੰਘ ਦੁਸਾਂਝ | ਬਲਵੰਤ ਸਿੰਘ ਸੰਘੇੜਾ | ਕੰਵਰਜੀਤ ਸਿੰਘ ਸਹੋਤਾ |

## ਗੁਰਦੁਆਰਾ ਸਾਹਿਬ ਦਾ ਫੋਨ:604-274-7479

Email:iccc8600@gmail.com


# ਗਿਆਨੀ ਕੇਵਲ ਸਿੰਘ-ਜਗਤਾਰ ਸਿੰਘ ਜੀ ਜਾਚਕ ਦੇ ਸੱਦੇ ’ਤੇ ਨਾਨਕਸ਼ਾਹੀ ਕੈਲੰਡਰ ਤੇ ਸੰਵਾਦ ਰਚਾਉਣ ਲਈ ਸੱਦੇ ਇਕੱਠ ਨੇ 6 ਮਤੇ ਕੀਤੇ ਪਾਸ, ਸ੍ਰੀ ਅਕਾਲ ਤਖ਼ਤ ਸਾਹਿਬ ਤੁਰੰਤ ਕਰੇ ਕਾਰਵਾਈ



ਅੰਮ੍ਰਿਤਸਰ (ਚਰਨਜੀਤ ਸਿੰਘ) :ਦੇਰ ਸ਼ਾਮ ਤੱਕ ਚੱਲੀ ਚਰਚਾ ਰਾਹੀਂ ਇੱਕ ਵਾਰ ਫੇਰ ਮੂਲ ਨਾਨਕਸ਼ਾਹੀ ਕੈਲੰਡਰ ਦੇ ਮੁੱਦੇ ਨੂੰ ਭਾਰੀ ਗਿਣਤੀ ਵਿਚ ਪਹੁੰਚੇ ਵਿਦਵਾਨਾਂ ਦੀ ਸਹਿਮਤੀ ਨਾਲ ਪੰਥ ਵਿਚ ਉਭਾਰਨ ਵਿਚ ਕਾਮਯਾਬ ਰਹੇ। ਪੂਰੇ ਭਾਰਤ ਤੋਂ ਹੰਮ ਹੁੰਮਾਂ ਕੇ ਪਹੁੰਚੇ ਵਿਦਵਾਨਾਂ ਨੇ ਸਰਬ-ਸੰਮਤੀ ਨਾਲ 6 ਮਤੇ ਪਾਸ ਕੀਤੇ।ਵਿਰੋਧੀ ਧਿਰ ਰਹੀ ਭਗੋੜੀ ਗੁਰਦੁਆਰਾ ਯਾਦਗਾਰ ਅਨਾਮ ਸਿੱਖ ਸ਼ਹੀਦਾਂ ਢੱਠਲ ਵਿਖੇ ਸਾਬਕਾ ਜਥੇਦਾਰ ਸ੍ਰੀ ਦਮਦਮਾ ਸਾਹਿਬ ਗਿਆਨੀ ਕੇਵਲ ਸਿੰਘ ਜੀ ਅਤੇ ਸਾਕਾ ਗ੍ਰੰਥੀ ਗਿਆਨੀ ਜਗਤਾਰ ਸਿੰਘ ਜੀ ਦੇ ਸੱਦੇ ਤੇ ਅਗਵਾਈ ਵਿਚ ਨਾਨਕਸ਼ਾਹੀ ਕੈਲੰਡਰ ਤੇ ਭਰਪੂਰ ਵਿਚਾਰਾਂ, ਸਵਾਲ- ਜਵਾਬ ਹੋਏ। ਆਰੰਭ ਵਿਚ ਗੁਰਦੁਆਰਾ ਸਾਹਿਬ ਵੱਲੋਂ ਸਾਬਕਾ ਐੱਮ. ਪੀ. ਅਤਿੰਦਰ ਪਾਲ ਸਿੰਘ ਨੇ ਗੁਰਦੁਆਰਾ ਸਾਹਿਬ ਵੱਲੋਂ ਚਲਾਏ ਜਾ ਰਹੇ ਪ੍ਰੋਗਰਾਮਾਂ ਦਾ ਸੰਖੇਪ ਵਿਚ ਵਿਵਰਨ ਦੇ ਕੇ ਪ੍ਰਧਾਨਗੀ ਮੰਡਲ ਨੂੰ ਆਪਣਾ ਸਥਾਨ ਗ੍ਰਹਿਣ ਕਰਨ ਅਤੇ ਸਮਾਗਮ ਆਰੰਭ ਕਰਵਾਉਣ ਦੀ ਬੇਨਤੀ ਕੀਤੀ। ਗਿ. ਕੇਵਲ ਸਿੰਘ ਜੀ ਨੇ ਦੱਸਿਆ ਕਿ ਨਾਨਕਸ਼ਾਹੀ ਕੈਲੰਡਰ ਦੋ ਵਾਰ ਲਾਗੂ ਹੋਇਆ ਇੱਕ ਵਾਰ ਦਮਦਮਾ ਸਾਹਿਬ ਤੋਂ ਅਤੇ ਦੂਜੀ ਵਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪਰ ਲਾਗੂ ਕਰਨ ਵਾਲੀਆਂ ਸੰਸਥਾਵਾਂ ਹੀ ਇਸ ਤੇ ਕਾਇਮ ਨਾਹ ਰਹਿ ਸਕੀਆਂ ਜਿਸ ਪਿੱਛੇ ਸਿੱਖ ਵਿਰੋਧੀ ਤਾਕਤਾਂ ਦਾ ਵੱਡਾ ਹੱਥ ਸਾਹਮਣੇ ਆਇਆ।ਗਿਆਨੀ ਜਾਚਕ ਜੀ ਨੇ ਦੱਸਿਆ ਕਿ ਰਾਗ ਤੁਖਾਰੀ ਦੀ ਬਾਣੀ ਅਨੁਸਾਰ ਗੁਰੂ ਨਾਨਕ ਸਾਹਿਬ ਜੀ ਦੀ ਸੂਰਜੀ ਚਾਲ ਨੂੰ ਪਰਵਾਨ ਕਰਦੇ ਹੋਏ ਪੁਰੇਵਾਲ ਨੇ ਨਾਨਕਸ਼ਾਹੀ ਕੈਲੰਡਰ ਦਾ ਨਿਰਮਾਣ ਕੀਤਾ। ਸਾਬਕਾ ਸਿੰਘ ਸਾਹਿਬ ਨੇ ਦੱਸਿਆ ਕਿ ਜਦੋਂ ਕੈਲੰਡਰ ਲਾਗੂ ਕੀਤਾ ਗਿਆ ਤਾਂ ਜਥੇਦਾਰ ਵੇਦਾਂਤੀ ਜੀ ਪਾਸ ਆਰ ਐਸ.ਐਸ. ਭਾਜਪਾ ਦਾ ਮੰਤਰੀ ਬਲਦੇਵ ਪ੍ਰਕਾਸ਼ ਆਇਆ ਤੇ ਉਸ ਨੇ ਧਮਕੀ ਦਿੱਤੀ ਕਿ ਇਹ ਕੈਲੰਡਰ ਤੁਸੀਂ ਲਾਗੂ ਨਾਹ ਕਰੋ। ਇਹ ਵੇਦਾਂਤੀ ਜੀ ਨੇ ਲਿਖਤੀ ਬਿਆਨ ਵਿਚ ਉਸੇ ਵੇਲੇ ਦੱਸਿਆ ਤੇ ਚੱਲ ਰਹੀ ਸਾਜ਼ਸ਼ ਦਾ ਪਰਦਾ ਫ਼ਾਸ਼ ਕੀਤਾ ਸੰਵਾਦ ਦਾ ਆਰੰਭ ਅਮਰੀਕਾ ਤੋਂ ਆਏ ਵਿਦਵਾਨ ਸ. ਸਰਬਜੀਤ ਸਿੰਘ ਸੈਕਰਾਮੈਂਟੋ ਨੇ ਆਪਣੇ ਸਲਾਈਡ ਸ਼ੋ ਨਾਲ ਕੀਤਾ।ਕਰਨਲ ਨਿਸ਼ਾਨ ਅਤੇ ਅਨੁਰਾਗ ਸਿੰਘ ਦੇ ਚੁੱਕੇ ਸਾਰੇ ਸਵਾਲਾਂ ਨੂੰ ਪ੍ਰਮਾਣਾਂ ਸਹਿਤ ਝੂਠਾ ਸਾਬਤ ਕਰ ਰੱਦ ਕਰ ਦਿੱਤਾ।ਆਯੋਜਕ ਸ. ਅਤਿੰਦਰ ਪਾਲ ਸਿੰਘ ਨੇ ਇਸ ਮੁੱਦੇ ਤੇ ਵਿਰੋਧੀ ਧਿਰ ਨੂੰ ਬੇਨਤੀ ਕੀਤੀ ਕਿ ਜੇ ਉਹ ਆਪਣਾ ਪੱਖ ਰੱਖਣਾ ਚਾਹੁੰਦੇ ਹਨ ਤਾਂ ਉਹ ਜ਼ੂਮ ਰਾਹੀਂ ਆਨਲਾਈਨ ਵੀ ਸ਼ਾਮਲ ਹੋ ਸਕਦੇ ਹਨ। ਇਹ ਗੱਲ ਉਨ੍ਹਾਂ 3 ਵਾਰ ਦੁਹਰਾਈ ਪਰ ਵਿਰੋਧੀ ਧਿਰ ਸ਼ਾਮਲ ਹੋਣ ਦੀ ਦਲੇਰੀ ਨਾਹ ਦਿਖਾ ਸਕੀ ਉਪਰੰਤ ਬਠਿੰਡਾ ਤੋਂ ਸ. ਕਿਰਪਾਲ ਸਿੰਘ ਜੀ ਨੇ ਗੁਰਚਰਨ ਸੇਖੋਂ ਦੀ ਪੁਸਤਕ ਨੂੰ ਵਰਕਾ ਦਰ ਵਰਕਾ ਗ਼ਲਤ ਸਾਬਤ ਕੀਤਾ ਅਤੇ ਸਲਾਈਡ ਸ਼ੋ ਰਾਹੀਂ ਗੁਰੂ ਨਾਨਕ ਸਾਹਿਬ ਜੀ ਦੇ ਪਰਕਾਸ਼ ਦਿਹਾੜੇ ਨੂੰ 1 ਵੈਸਾਖ ਨੂੰ ਹੀ ਸਾਬਤ ਕੀਤਾ ਅਤਿੰਦਰ ਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਰੱਖੇ ਗਏ 5 ਲੱਖ ਰੁਪਏ ਦੇ ਇਨਾਮ ਦੀ ਮਿਆਦ ਅੱਜ ਦੇ ਸੰਵਾਦ ਤੋਂ ਬਾਅਦ ਖ਼ਤਮ ਹੋ ਜਾਵੇਗੀ ਅਗਰ ਕੋਈ ਵੀ ਪੁਰੇਵਾਲ ਸਾਹਿਬ ਦੇ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਗ਼ਲਤ ਸਾਬਤ ਕਰਦਾ ਹੈ ਤਾਂ ਉਹ ਹੁਣ ਵੀ ਇਨਾਮ ਜਿੱਤਣ ਲਈ ਆਨਲਾਈਨ ਜ਼ੂਮ ਐੱਪ ਰਾਹੀਂ ਸਮਾਗਮ ਵਿਚ ਜੁੜ ਕੇ ਆਪਣਾ ਪੱਖ ਰੱਖ ਸਕਦਾ ਹੈ ਤੇ ਇਨਾਮ ਜਿੱਤ ਸਕਦਾ ਹੈ । ਸਰਬ ਸੰਮਤੀ ਨਾਲ ਜੈ ਕਾਰਿਆਂ ਦੀ ਗੂੰਜ ਵਿਚ 6 ਮਤੇ ਪਾਸ ਕੀਤੇ ਗਏ ਮਤਾ ਨੰ: ੧ ਅੱਜ ਦਾ ਇਹ ਇਕੱਠ ਹਾਜ਼ਰੀਨ ਅਤੇ ਉਨ੍ਹਾਂ ਸਮੂਹ ਪੰਥਦਰਦੀ ਗੁਰਸਿੱਖ ਵੀਰਾਂ ਭੈਣਾਂ ਦਾ ਧੰਨਵਾਦ ਕਰਦਾ ਹੈ, ਜਿਨ੍ਹਾਂ ਨੇ ਮੂਲ ਨਾਨਕਸ਼ਾਹੀ ਕੈਲੰਡਰ ਦੀ ਪੰਥਕ ਭਾਵਨਾ ਨੂੰ ਜਿੰਦਾ ਰੱਖਿਆ।“ ਹੋਇ ਇਕਤ੍ਰ ਮਿਲਹੁ ਮੇਰੇ ਭਾਈ ! ਦੁਬਿਧਾ ਦੂਰਿ ਕਰਹੁ ਲਿਵ ਲਾਇ ॥ ਹਰਿ ਨਾਮੈ ਕੇ ਹੋਵਿਹੁ ਜੋੜੀ, ਗੁਰਮੁਖਿ ਬੈਸਹੁ ਸਫਾ ਵਿਛਾਇ ॥ (ਬਸੰਤੁ ਮ ? ੫/੧੧੮੫) ਗੁਰਵਾਕ ਦੀ ਅਗਵਾਈ ਹੇਠ ਪੰਥ ਦੀਆਂ ਸਮੂਹ ਧਿਰਾਂ ਨੂੰ ਸਿਰ ਜੋੜ ਕੇ ਬੈਠਣ ਅਤੇ ਡੂੰਘੀਆਂ ਵਿਚਾਰਾਂ ਕਰਨ ਲਈ ਸੱਦੇ ਦੇ ਕੇ ਅੱਜ ਦੇ ਵਿਸ਼ੇਸ਼ ਸਮਾਗਮ ਵਾਂਗ ਨਾਨਕਸ਼ਾਹੀ ਕੈਲੰਡਰ ਦੇ ਬੇਲੋੜੇ ਵਿਵਾਦ ਨੂੰ ਖ਼ਤਮ ਕਰਨ ਦੇ ਯਤਨ ਕੀਤੇ। ਅੱਜ ਦਾ ਇਹ ਇਕੱਠ ਗੁਰਦੁਆਰਾ ਸਾਹਿਬ, ਯਾਦਗਰ-ਅਨਾਮ ਸਿੱਖ ਸ਼ਹੀਦਾਂ ਢੱਠਲ ਦੇ ☞


SUPER SANDHU

ਸਾਨੂੰ ਕੈਨਰੀ, ਨਰਸਰੀ ਅਤੇ ਗਰੀਨ ਹਾਊਸ ਵਿਚ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।




ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910 | Charlie Sandhu: 604-864-7711



ਮਨ ਮਨੁੱਖ ਦੀ ਕੁੰਜੀ ਹੈ Mind is the key to the man.

NATURAL HOMEOPATHIC SOLUTIONS

Homeopathic Natural Products And Consultations

• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more

We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases



"Homeopath R S Saini receiving International Award"

Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.
ਹੋਮਿਓਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ

For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com



THE CARPLAZA
CAR ACCESSORIES

All Types Of Car Accessories & Installation Available
ਇਥੋਂ ਤੁਸੀਂ ਹਰੇਕ ਤਰ੍ਹਾਂ ਦੀ Car Accessory ਲੈ ਸਕਦੇ ਹੋ




*Seat Covers *Matts
*Woofers & Ambient Lights
*Android Car Player Available



Especially For Uber & Lyft Camera

778-977-0032, 778-713-6949
#5-12357-82A Ave, Surrey, BC

# ਸਿੱਖਾਂ ਨਾਲ ਵਿਤਕਰਾ ਕਰ ਰਹੀ ਮੋਦੀ ਸਰਕਾਰ

ਪੰਜਾਬੀ ਦਾ ਇੱਕ ਅਖਾਣ ਹੈ ਕਿ ਚੋਰ ਚੋਰੀ ਸੇ ਜਾਏ ਪਰ ਹੇਰਾਫੇਰੀ ਸੇ ਨਾ ਜਾਏ। ਭਾਵ ਕਿ ਅਗਰ ਚੋਰ ਚੋਰੀ ਕਰਨੀ ਛੱਡ ਵੀ ਜਾਵੇ ਤਾਂ ਫਿਰ ਉੱਹ ਛੋਟੀਆਂ ਮੋਟੀਆਂ ਹੇਰਾਫੇਰੀਆਂ ਜਰੂਰ ਕਰਦਾ ਰਹਿੰਦਾ ਹੈ, ਉੱਸ ਨੂੰ ਉੱਹਨਾ ਹੇਰਾਫੇਰੀਆਂ ਵਿੱਚੋਂ ਹੀ ਸਕੂਨ ਮਿਲਦਾ ਰਹਿੰਦਾ ਹੈ। ਏਸੇ ਤਰ੍ਹਾਂ ਭਾਰਤ ਸਰਕਾਰ ਨੇ ਜੂਨ 1984 ਵਿੱਚ ਸਿੱਖ ਕੌਮ ਨਾਲ ਸਿੱਧੀ ਲੜਾਈ ਲੜ ਕੇ ਜਦੋਂ ਮੂੰਹ ਦੀ ਖਾਧੀ ਸੀ, ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ, ਭਾਈ ਅਮਰੀਕ ਸਿੰਘ ਜੀ, ਜਨਰਲ ਸੁਬੇਗ ਸਿੰਘ ਜੀ ਬਾਬਾ ਠਾਹਰਾ ਸਿੰਘ ਜੀ ਦੀ ਅਗਵਾਈ ਵਿੱਚ ਸਿੱਖਾਂ ਨੇ ਹਿੰਦੋਸਤਾਨੀ ਟਿੱਡੀ ਦਲਾਂ ਨੂੰ ਜਦੋਂ ਦਿਨੇ ਹੀ ਤਾਰੇ ਵਿਖਾਏ ਸੀ, ਜਦੋਂ ਫੌਜੀਆਂ ਦੀਆਂ ਲਾਸ਼ਾਂ ਦੇ ਟਰੱਕਾਂ ਦੇ ਟਰੱਕ ਦਰਬਾਰ ਸਾਹਿਬ ਵਿੱਚੋਂ ਨਿੱਕਲੇ ਤਾਂ ਇਹਨਾਂ ਧੋਤੀਆਂ ਬੋਦੀਆਂ ਜਨੇਊਆਂ ਵਾਲਿਆਂ ਦੀ ਅਕਲ ਟਿਕਾਣੇ ਆ ਗਈ ਸੀ ।ਫੇਰ ਦਸ ਸਾਲ ਖਾੜਕੂ ਸਿੰਘਾਂ ਨੇ ਭਾਰਤੀ ਫੋਰਸਾਂ ਨੂੰ ਵਾਹਣੇ ਵਾਹਣ ਪਾਈ ਰੱਖਿਆ ਸੀ। ਓਸ ਤੋਂ ਬਾਅਦ ਇਹ ਹਿੰਦੂਵਾਦੀ ਰਾਜਨੀਤਕ ਲਾਣਾ ਚੋਰਾਂ ਵਾਂਗ ਚੋਰੀਆਂ ਕਰਨੀਆਂ ਛੱਡ ਕੇ ਤੇ ਹੁਣ ਹੇਰਾਫੇਰੀਆਂ ਕਰ ਕਰ ਕਰਕੇ ਆਪਣੇ ਮਨਾਂ ਨੂੰ ਸਕੂਨ ਦੇਣ ਦੀ ਕੋਸ਼ਿਸ਼ ਕਰ ਰਿਹਾ ਹੈ ਜਿਸ ਦੀ ਤਾਜ਼ਾ ਮਿਸਾਲ ਹੈ ਕਿ ਵਿਸਾਖੀ ਵਾਲੇ ਦਿਨ ਖਾਲਸਾ ਸਾਜਨਾ ਦਿਵਸ ਵਾਲੇ ਦਿਨ 14 ਅਪ੍ਰੈਲ 2026 ਨੂੰ ਭਾਖੜਾ ਬਿਆਸ ਮੈਨੇਜਮੈਂਟ ਵਿੱਚੋਂ ਭਾਰਤ ਦੀ ਮੋਦੀ ਸਰਕਾਰ ਨੇ ਪੰਜਾਬ ਅਤੇ ਹਰਿਆਣੇ ਦੀ ਹਿੱਸੇਦਾਰੀ ਪੱਕੇ ਹੀ ਤੌਰ ਉੱਤੇ ਖਤਮ ਕਰ ਦਿੱਤੀ ਹੈ, ਕਾਨੂੰਨ ਬਣਾ ਦਿੱਤਾ ਹੈ ਕਿ ਪੂਰੇ ਦੇਸ਼ ਵਿੱਚੋਂ ਭਬੰਭ ਦਾ ਕੋਈ ਵੀ ਯੋਗ ਅਧਿਕਾਰੀ ਲਗਾਇਆ ਜਾ ਸਕਦਾ ਹੈ।ਜਦਕਿ ਪਹਿਲਾਂ ਕਾਨੂੰਨ ਇਹ ਸੀ ਕਿ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਅਧਿਕਾਰੀ ਸਿਰਫ ਪੰਜਾਬ ਅਤੇ ਹਰਿਆਣੇ ਦੇ ਹੀ ਲੱਗ ਸਕਦੇ ਹਨ। ਇਹ ਪੰਜਾਬ ਹਰਿਆਣੇ ਨਾਲ ਪੰਜਾਬੀਆਂ,ਸਿੱਖ ਕਿਸਾਨਾਂ ਨਾਲ ਧੋਖਾ ਹੈ ਹੇਰਾਫੇਰੀ ਧੱਕਾ ਹੈ ਬੇਇਨਸਾਫ਼ੀ ਹੈ । ਪਹਿਲਾਂ ਜੰਮੂ ਕਸ਼ਮੀਰ ਨਾਲ ਧੱਕਾ ਕਰਕੇ ਮੋਦੀ ਅਮਿੱਤ ਸ਼ਾਹ ਦੀ ਜੋੜੀ ਨੇ ਧਾਰਾ 370 ਖਤਮ ਕਰਕੇ ਕਸ਼ਮੀਰੀਆਂ ਦੇ ਖੰਭ ਕੁਤਰ ਦਿੱਤੇ ਸਨ।ਹੁਣ ਪੰਜਾਬ ਨਾਲ ਹਰਿਆਣੇ ਨਾਲ ਧੱਕਾ ਕੀਤਾ ਹੈ।ਹਰਿਆਣੇ ਵਿੱਚ ਬੀ ਜੇ ਪੀ ਦੀ ਸਰਕਾਰ ਹੈ ਉੱਹ ਨਹੀਂ ਬੋਲਣਗੇ, ਪਰ ਪੰਜਾਬ ਬੋਲੇਗਾ ਤਾਂ ਜਰੂਰ ਪਰ ਸੁਣਵਾਈ ਕੋਈ ਨਹੀਂ ਹੋਵੇਗੀ ।

ਧਰਨਿਆਂ ਮੁਜ਼ਾਹਰਿਆਂ ਨਾਲ ਤਾਂ ਟਾਈਮ ਅਤੇ ਐਨਰਜੀ ਵੇਸਟ ਹੀ ਹੋਵੇਗੀ।ਏਸ ਕਾਨੂੰਨ ਨੂੰ ਬਣਾ ਕੇ ਅਤੇ ਵਿਸਾਖੀ ਵਾਲੇ ਦਿਨ ਲਾਗੂ ਕਰਕੇ ਸਿੱਖਾਂ ਨੂੰ ਇਹ ਦਰਸਾਇਆ ਗਿਆ ਹੈ ਕਿ ਸਿੱਖੋ ਤੁਸੀਂ ਸਾਡੇ ਗੁਲਾਮ ਹੋ ਅਸੀਂ ਤੁਹਾਡੇ ਮਾਲਕ ਹਾਂ ਪੰਜਾਬ ਉੱਪਰ ਸਾਡਾ ਕਬਜ਼ਾ ਹੈ, ਅਤੇ ਸੈਂਟਰ ਵਿੱਚ ਸਾਡਾ ਰਾਜ ਹੈ ਅਸੀਂ ਜਦੋਂ ਚਾਹੀਏ ਅਤੇ ਜੋ ਚਾਹੀਏ ਕਰ ਸਕਦੇ ਹਾਂ। ਅਗਰ ਅਸੀਂ ਰਵਨੀਤ ਬਿੱਟੂ,ਮਨਜਿੰਦਰ ਸਿਰਸੇ,ਹਰਵਿੰਦਰ ਸਿੰਘ ਫੂਲਕੇ ਵਰਗਿਆਂ ਸਿੱਖ ਗਦਾਰਾਂ ਨੂੰ ਗੁਲਾਮ ਬਣਾ ਸਕਦੇ ਹਾਂ, ਇਸ ਦਾ ਮਤਲਬ ਅਸੀਂ ਕੁੱਝ ਵੀ ਕਰ ਸਕਦੇ ਹਾਂ । ਪੰਜਾਬ ਦੇ ਸਿਆਸੀ ਲੀਡਰ, ਸਿੱਖ ਜਥੇਬੰਦੀਆਂ ਬੰਦੀਆਂ ਦੇ ਨੇਤਾ ਸ਼ਰੋਮਣੀ ਕਮੇਟੀ ਪ੍ਰਧਾਨ ਅਤੇ ਜਥੇਦਾਰ ਸਿਰਫ ਮੀਡੀਆ ਵਿੱਚ ਬਿਆਨ ਦੇ ਕੇ ਜਾਂ ਸੈਂਟਰ ਨੂੰ ਚਿੱਠੀਆਂ ਲਿਖ ਕੇ ਆਪਣੀਆਂ ਜ਼ਿੰਮੇਵਾਰੀਆਂ ਤੋਂ ਸੁਰਖ਼ਰੂ ਨਹੀਂ ਹੋ ਸਕਦੇ।ਇਹ ਹੰਕਾਰੀ ਰਾਜੇ ਹਿੰਦੋਸਤਾਨ ਦੇ ਆਪਣੇ ਆਪ ਨੂੰ ਮਾਲਕ ਸਮਝਣ ਵਾਲੇ ਟੁੱਟੇ ਛਿੱਤਰ ਵਾਂਗ ਅੱਗੇ ਨੂੰ ਵਧਦੇ ਹੀ ਜਾਣਗੇ । ਹਿੰਦੋਸਤਾਨ ਕਿਸੇ ਦੇ ਬਾਪ ਦਾ ਨਹੀਂ ਹੈ।ਸਿੱਖਾਂ ਨੇ ਏਸ ਹਿੰਦੋਸਤਾਨ ਨੂੰ ਆਜ਼ਾਦ ਕਰਵਾਉਣ ਲਈ ਸੌ ਪਿੱਛੇ ਤਰੱਨਵੇਂ ਸਿਰ ਦਿੱਤੇ ਹਨ।ਮੁਗਲੀਆ ਹਕੂਮਤ ਨੂੰ ਹਿੰਦੋਸਤਾਨ ਵਿੱਚੋਂ ਕੱਢਣ ਲਈ, ਮੁਗਲੀਆ ਹਕੂਮਤ ਦੀਆਂ ਜੜ੍ਹਾਂ ਹਿੰਦੋਸਤਾਨ ਵਿੱਚੋਂ ਪੁੱਟਣ ਲਈ ਸਾਹਿਬੇ ਕਮਾਲ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਪੂਰਾ ਸਰਬੰਸ ਹੀ ਵਾਰ ਦਿੱਤਾ ਸੀ । ਏਸ ਕਰਕੇ ਤਰੱਨਵੇਂ ਪ੍ਰਤੀਸ਼ਤ ਹਿੱਸਾ ਸਿੱਖਾਂ ਦਾ ਬਣਦਾ ਹੈ ਹਿੰਦੋਸਤਾਨ ਵਿੱਚੋਂ।ਆਰ ਐਸ ਐਸ ਵਾਲੇ ਆਪਣੇ ਪੰਜ ਯੋਧਿਆਂ ਪੰਜ ਸ਼ਹੀਦਾਂ ਦੇ ਨਾਮ ਹੀ ਦੱਸ ਦੇਣ ਜਿਹਨਾਂ ਨੇ ਹਿੰਦੋਸਤਾਨ ਦੀ ਆਜ਼ਾਦੀ ਲਈ ਸ਼ਹਾਦਤ ਪ੍ਰਾਪਤ ਕੀਤੀ ਹੋਵੇ, ਨਹੀਂ ਦੇ ਸਕਣਗੇ।ਇੱਕ ਨਾਮ ਵੀ ਨਹੀਂ ਦੇ ਸਕਣਗੇ, ਇਹ ਅੱਜ ਦੇ ਬਣੇ ਹੋਏ ਹਿੰਦੋਸਤਾਨ ਦੇ ਮਾਲਿਕ ਇਹ ਤਾਂ ਹਿੰਦੋਸਤਾਨ ਦੇ ਸੰਵਿਧਾਨ ਨੂੰ ਵੀ ਨਹੀਂ ਮੰਨਦੇ ਹੁੰਦੇ ਸੀ, ਹੁਣ ਤਾਂ ਇਹਨਾਂ ਨੇ ਰਾਜ ਕਰਨਾ ਤਾਂ ਮਜਬੂਰੀ ਵੱਸ ਇਹਨਾਂ ਨੂੰ ਹਿਦੋਸਤਾਨ ਦਾ ਸੰਵਿਧਾਨ ਮੰਨਣਾ ਪੈ ਰਿਹਾ ਹੈ । ਇਹ ਤਾਂ ਤਿਰੰਗੇ ਝੰਡੇ ਦੇ ਵੀ ਵਿਰੋਧੀ ਸਨ। ਬਾਕੀ ਭਾਈ ਸਿੱਖੋ ਜਿਸ ਦੀ ਲਾਠੀ ਤੇ ਉੱਸੇ ਦੀ ਹੀ ਮੱਝ ਅਤੇ ਜਿਸ ਦਾ ਰਾਜ ਤੇ ਉੱਸੇ ਦੀ ਬਦਮਾਸ਼ੀ ਚੱਲੇਗੀ ਜੀ।ਏਸ ਕਰਕੇ ਆਪਾਂ ਵੀ ਹੋਰ ਕੰਮਾਂਕਾਰਾਂ ਨੂੰ ਕਰਦੇ ਹੋਏ ਖਾਲਿਸਤਾਨ ਦੀ ਪ੍ਰਾਪਤੀ ਵਿੱਚ ਵੀ ਆਪਣਾ ਆਪਣਾ ਬਣਦਾ ਯੋਗਦਾਨ ਪਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪਰਾਪਤ ਕਰੀਏ ਜੀ।ਨਿਰੀਆਂ ਰੋਟੀਆਂ ਖਾ ਕੇ ਘੁਰਾੜੇ ਮਾਰਦੇ ਰਹੇ ਤਾਂ ਫੇਰ ਉੱਹੀ ਅਖਾਣ ਦੁਹਰਾਇਆ ਜਾਵੇਗਾ ਕਿ ਜੋ ਖਾ ਲਿਆ ਸੋ ਲਾਹੇ ਦਾ ਤੇ ਬਾਕੀ ਸਾਰਾ ਕੁੱਝ ਮੋਦੀ ਅਤੇ ਅਮਿੱਤ ਸ਼ਾਹੇ ਦਾ।

**ਹਰਪ੍ਰੀਤ ਸਿੰਘ ਪੰਮਾ ( ਆਸਟਰੀਆ )**

## ਭਾਰਤ ਕੋਲ ਪਾਕਿਸਤਾਨ ਖ਼ਿਲਾਫ਼ ਕੋਈ ਪੁਖ਼ਤਾ ਸਬੂਤ ਨਹੀਂ:ਪਾਕਿਸਤਾਨ

ਲਾਹੌਰ:-ਪਾਕਿਸਤਾਨ ਨੇ ਦਾਅਵਾ ਕੀਤਾ ਹੈ ਕਿ ਭਾਰਤ ਨੇ ਪਹਿਲਗਾਮ ਦਹਿਸ਼ਤੀ ਹਮਲੇ ਵਿੱਚ ਇਸਲਾਮਾਬਾਦ ਦਾ ਹੱਥ ਹੋਣ ਬਾਰੇ ਕੋਈ ਵੀ "ਠੋਸ ਸਬੂਤ ਜਾਂ ਪ੍ਰਮਾਣ" ਪੇਸ਼ ਨਹੀਂ ਕੀਤਾ ਹੈ। ਇਹ ਬਿਆਨ ਪਹਿਲਗਾਮ ਹਮਲੇ ਦੀ ਪਹਿਲੀ ਬਰਸੀ ਦੇ ਮੌਕੇ 'ਤੇ ਸਾਹਮਣੇ ਆਇਆ ਹੈ।

ਪਾਕਿਸਤਾਨ ਦੇ ਸੂਚਨਾ ਮੰਤਰੀ ਅਤਾਉੱਲ੍ਹਾ ਤਰਾਰ ਨੇ ਇੱਕ ਟੈਲੀਵਿਜ਼ਨ 'ਤੇ ਗੱਲਬਾਤ ਕਰਦਿਆਂ ਕਿਹਾ ਕਿ ਭਾਰਤ ਨੇ ਪਹਿਲਗਾਮ ਘਟਨਾ ਸਬੰਧੀ ਅੱਜ ਤੱਕ ਕੋਈ ਸਬੂਤ ਪੇਸ਼ ਨਹੀਂ ਕੀਤਾ ਹੈ ਅਤੇ ਨਾ ਹੀ ਕੋਈ ਤਸੱਲੀਬਖਸ਼ ਸਪੱਸ਼ਟੀਕਰਨ ਦਿੱਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਬਿਨਾਂ ਕਿਸੇ ਜਾਂਚ ਜਾਂ ਪੁੱਛਗਿੱਛ ਦੇ ਤੁਰੰਤ ਪਾਕਿਸਤਾਨ 'ਤੇ ਦੋਸ਼ ਮੜ੍ਹ ਦਿੱਤੇ ਗਏ, ਜਿਸ ਨੂੰ ਉਨ੍ਹਾਂ ਨੇ "ਬੇਬੁਨਿਆਦ ਅਤੇ ਮਨਘੜਤ ਪ੍ਰਚਾਰ" ਕਰਾਰ ਦਿੱਤਾ।

---

☞ ਮੁੱਖ ਸੇਵਾਦਾਰ ਅਤੇ ਸਾਬਕਾ ਐਮ.ਪੀ. ਭਾਈ ਅੰਤਿਦਰਪਾਲ ਸਿੰਘ 'ਖ਼ਾਲਸਤਾਨੀ' ਦਾ ਵੀ ਧੰਨਵਾਦੀ ਹੈ, ਜਿਨ੍ਹਾਂ ਨੇ ਇਸ ਸੈਮੀਨਾਰ ਲਈ ਹਰ ਪੱਖੋਂ ਸਹਿਯੋਗ ਦਿੱਤਾ। ਵਕਤਾ ਵਿਦਵਾਨਾਂ ਤੇ ਸ੍ਰੋਤਿਆਂ ਦਾ ਵੀ ਧੰਨਵਾਦੀ ਹੈ, ਜਿਨ੍ਹਾਂ ਨੇ ਗੁਰਬਾਣੀ ਤੇ ਗੁਰਇਤਿਹਾਸ ਦੇ ਚਾਨਣ ਵਿਚ ਨਾਨਕਸ਼ਾਹੀ ਕੈਲੰਡਰ ਬਾਰੇ ਤਕਨੀਕੀ ਜਾਣਕਾਰੀ ਭਾਸ਼ਨ ਕਲਾ ਤੇ ਪ੍ਰਸ਼ੋਨਤਰੀ ਦੇ ਰੂਪ ਵਿੱਚ ਸਾਂਝੀ ਕੀਤੀ। ਮਤਾ ਨੰ: 2 ਅੱਜ ਦਾ ਇਹ ਇਕੱਠ, ਇਸ ਫੈਸਲੇ 'ਤੇ ਪੁੱਜਾ ਹੈ ਕਿ ਸ. ਪਾਲ ਸਿੰਘ ਪੁਰੇਵਾਲ ਜੀ ਵਲੋਂ ਪੇਸ਼ ਕੀਤਾ ਗਿਆ ਮੂਲ ਨਾਨਕਸ਼ਾਹੀ ਕੈਲੰਡਰ ਹੀ ਇੱਕੋ-ਇੱਕ ਇਤਿਹਾਸਕ ਅਤੇ ਵਿਗਿਆਨਕ ਰੂਪ ਵਿੱਚ ਸਹੀ ਸਿੱਖ ਕੈਲੰਡਰ ਹੈ ਜੋ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਤੇ ਆਧਾਰਤ ਹੈ। ਅੱਗੋਂ ਤੋਂ ਸਾਰੇ ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ ਨਾਨਕਸ਼ਾਹੀ ਕੈਲੰਡਰ ਮੁਤਾਬਕ ਮਨਾਉਣ ਦਾ ਪ੍ਰਣ ਕਰਦਾ ਹੈ। ਦੁਨੀਆਂ ਭਰ ਦੇ ਗੁਰਦਵਾਰਿਆਂ ਅਤੇ ਸਿੱਖ ਸੰਸਥਾਵਾਂ ਨੂੰ ਪੁਰਜੋਰ ਅਪੀਲ ਕਰਦਾ ਹੈ ਕਿ ਪਹਿਲਾਂ ਦੀ ਤਰ੍ਹਾਂ ਸਭ ਦਿਨ ਦਿਹਾੜੇ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਹੀ ਮਨਾਏ ਜਾਣ।

ਮਤਾ ਨੰ: 3 ਭਾਵੇਂ ਕੁਝ ਧਿਰਾਂ ਅੱਜ ਦੇ ਸਮਾਗਮ ਵਿੱਚ ਸ਼ਾਮਲ ਨਹੀਂ ਹੋਈਆਂ। ਇਹ ਉਨ੍ਹਾਂ ਦੀ ਕੋਈ ਮਜਬੂਰੀ ਵੀ ਹੋ ਸਕਦੀ ਹੈ। ਜਿਹੜੀਆਂ ਧਿਰਾਂ ਅੱਜ ਦੀ ਇਕੱਤਾ ਵਿੱਚ ਕਿਸੇ ਕਾਰਨ ਸ਼ਾਮਲ ਨਹੀਂ ਹੋ ਸਕੀਆਂ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਬੇਨਤੀ ਕੀਤੀ ਜਾਂਦੀ ਹੈ ਕਿ ਜੇ ਕੋਈ ਵੀ ਧਿਰ ਆਪਣੇ ਵੱਲੋਂ ਕਿਸੇ ਵੀ ਹੋਰ ਸਥਾਨ 'ਤੇ ਸਾਰੀਆਂ ਧਿਰਾਂ ਨੂੰ ਸੱਦਾ ਦੇ ਕੇ ਇਸ ਤਰ੍ਹਾਂ ਦਾ ਸੈਮੀਨਾਰ ਕਰਵਾਉਣਾ ਚਾਹੁੰਦੀ ਹੈ ਤਾਂ ਅਸੀਂ ਉਨ੍ਹਾਂ ਦਾ ਸੱਦਾ ਖ਼ੁਸ਼ੀ ਖ਼ੁਸ਼ੀ ਪ੍ਰਵਾਨ ਕਰਾਂਗੇ ਅਤੇ ਸੁਹਿਰਦਤਾ ਨਾਲ ਵੀਚਾਰ ਚਰਚਾ 'ਚ ਭਾਗ ਲਵਾਂਗੇ। ਮਤਾ ਨੰ: 4 ਅੱਜ ਦੀ ਇਹ ਇਕੱਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਨੂੰ ਵਿਸ਼ੇਸ਼ ਤੌਰ 'ਤੇ ਅਪੀਲ ਕਰਦੀ ਹੈ ਕਿ ਉਹ ਪੰਥ ਦੀ ਸ਼੍ਰੋਮਣੀ ਨੁਮਾਇੰਦਾ ਸੰਸਥਾ ਹੋਣ ਦਾ ਆਪਣਾ ਫ਼ਰਜ ਨਿਭਾਏ । ਭਾਵ ਪੰਥ ਦੀਆਂ ਸਮੁੱਚੀਆਂ ਧਿਰਾਂ ਨੂੰ ਆਪਣੇ ਵੱਲੋਂ ਸੱਦਾ ਦੇ ਕੇ ਇਸ ਤਰ੍ਹਾਂ ਦੇ ਸੈਮੀਨਾਰ ਤਦ ਤੱਕ ਜਾਰੀ ਰੱਖੇ।


Injured in an accident?
ICBC claim?

We can help.

We have professional and experienced staff.
We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ
ਸਾਡੇ ਕੋਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀਂ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
> Brain and spinal cord injuries
> Fatality claims
> Chronic pain
> Soft tissue injuries
> All economic damages and losses
> Slip and fall injuries

For a fair settlement for your claim, call **Mandeep Randhawa** today.

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999



Mandeep Randhawa,
*B.Sc., L.L.B (UBC)*

RM TRIAL LAWYERS
MANDEEP RANDHAWA LAW CORPORATION

T 604 449 7500
#200 – 6245 136th Street, Surrey, BC, V3X 1H3
• F 604 449 7501 • TF 1 888 449 7573 • www.rmlawyers.ca

# Home Improvement


## DAWN RENOVATION


Commercial & Residential

ਹਰ ਤਰ੍ਹਾਂ ਦੀ ਰੂਫਿੰਗ ਦਾ ਕੰਮ ਵੀ ਕੀਤਾ ਜਾਂਦਾ ਹੈ

Certified Electrician, Builder, Construction & Development

ਬੇਸਮੈਂਟ ਰੈਨੋਵੇਸ਼ਨ * ਵਾਸ਼ਰੂਮ * ਕਿਚਨ ਅਤੇ ਸਨਡੈਕ * ਪਲਬਿੰਗ / ਹੀਟਿੰਗ * ਪੇਂਟਿੰਗ*

ਹਰ ਤਰ੍ਹਾਂ ਦੀ ਬਿਜਲੀ ਦਾ ਕੰਮ।



ਨਵੇਂ ਅਤੇ ਪੁਰਾਣੇ ਘਰਾਂ ਦੀ ਰੈਨੋਵੇਸ਼ਨ ਦੇ ਮਾਹਿਰ ਦਲਜੀਤ ਸਿੰਘ ਧਾਮੀ ਜਾਂ ਇੰਦਰਜੀਤ ਸਿੰਘ ਨੂੰ ਮੁਫਤ ਐਸਟੀਮੇਟ ਲੈਣ ਲਈ ਫੋਨ ਕਰੋ

604-716-3534 / 778-881-0236

daljitsinghdhami@gmail.com



## TOOR LANDSCAPING & FENCE

RESIDENTIAL & COMMERCIAL

- ਅਸੀਂ ਨਵੇਂ ਅਤੇ ਪੁਰਾਣੇਂ ਘਰਾਂ ਵਿੱਚ ਫੈਂਸ ਲਾਉਣ ਦਾ ਕੰਮ ਕਰਦੇ ਹਾਂ।
- 2x3 ਦਾ ਫਰੇਮ ਸੋਲਿਡ $210 ਦਾ ਪੈਨਲ
- ਪੁਰਾਣੀਂ ਚੁੱਕ ਕੇ ਲੈ ਜਾਂਦੇ ਹਾਂ।
- ਕੰਮ ਦੀ ਪੂਰੀ ਪੂਰੀ ਗਰੰਟੀ ਹੈ।
- ਸਾਡੇ ਰੇਟ ਬਹੁਤ ਹੀ ਵਾਜ਼ਬ ਹਨ।



ਅਸੀਂ ਸਪੈਸ਼ਲ ਰੇਟਾਂ ਤੇ ਫੈਂਸ ਲਾਉਂਦੇ ਹਾਂ

ਅਸੀਂ ਲੋਹੇ ਅਤੇ ਵਾਈਨਲ ਦੀ ਫੈਂਸ ਵੀ ਲਾਉਂਦੇ ਹਾਂ

ਹੋਰ ਜਾਣਕਾਰੀ ਲਈ ਜਗਤਾਰ ਨੂੰ ਫੋਨ ਕਰੋ

ਅਸੀਂ ਮਸ਼ਰੂਮ ਦਾ ਢੇਰ ਡਿਲੀਵਰ ਕਰਦੇ ਹਾਂ ਅਤੇ ਪਾ ਕੇ ਵੀ ਜਾਂਦੇ ਹਾਂ।

604-729-3225

ਅਸੀਂ ਸਨ ਡੈੱਕ ਦੇ ਸਟੈਪ ਵੀ ਬਣਾਉਂਦੇ ਹਾਂ।

ਅਸੀਂ ਕਾਂਵਾਂ ਦਾ ਪੁੱਟਿਆ ਹੋਇਆ ਘਾਹ ਵੀ ਫਿਕਸ ਕਰਦੇ ਹਾਂ



## STORM ELECTRIC LTD.

Residential & Commercial

Licenced & Bonded

*All Kinds Of Electrical Service
*Best Rate
*Friendly Service
*Quality Workmanship



Mandeep Dhaliwal
(Certified Electrician)

778-994-7207

Email:stormelectricltd@gmail.com



## Up-To-Date Finishing

ਅਸੀਂ ਪੁਰਾਣੇ ਘਰਾਂ ਦੀ ਹਰ ਤਰ੍ਹਾਂ ਦੀ ਰੈਨੋਵੇਸ਼ਨ ਕਰਦੇ ਹਾਂ

We are specialized in Custom Wood Working:

Residential & Commercial Renovations

- Doors
- Mouldings
- Fire Place
- Base Board
- Hardy Plank
- Wood Floor




Sanjeev Dhir 778.320.9413

sanjeevkumarsk52@gmail.com



## SINGH RAJ RENOVATION CO.



We noticed your house needs minor repair

Unsure ofyourhousehold fixtures?

Just to replace or repair? Get it Done Today!

We guaranteed Singh Raj Renovation is the smartest choice for household small jobs

*Residential Wooden Stairs Jobs
*Residential Doors & Lock Jobs
*Painting & Cleaning Jobs
*Wooden Cabinets Repair & Paint
*Minor Electrical Trouble Shooting & Replacement of Lights, Washroom fans, Range hoods
*Touble Shooting in Plumbing *Replacement of Tiles, Taps, Faucets.

SPECIALISTS IN
Maintain+Repair & New Installation
Reasonable Rates
20Yrs Exprienced

Call Raj: 778-229-9261



ਅਸੀਂ ਪੂਰੇ ਘਰ ਦੀ ਰੈਨੋਵੇਸ਼ਨ ਸਮੇਤ ਪਲਬਿੰਗ, ਹੀਟਿੰਗ, ਇਲੈਕਟ੍ਰੀਕਲ ਆਦਿ ਬਹੁਤ ਵਾਜਿਬ ਕੀਮਤਾਂ 'ਤੇ ਕਰਦੇ ਹਾਂ

## ਲੱਖੀ ਰੈਨੋਵੇਸ਼ਨ

- ਵਾਸ਼ਰੂਮ ਅਤੇ ਕਿਚਨ ਦੀ ਰੈਨੋਵੇਸ਼ਨ
- ਬੇਸਮੈਂਟ ਦੀ ਰੈਨੋਵੇਸ਼ਨ
- ਡੋਰ ਐਂਡ ਮੋਲਡਿੰਗ
- ਵਲੇਮੀਨੇਟ ਫਲੋਰਿੰਗ ਅਤੇ ਬੇਸਬੋਰਡ
- ਫਲੋਰ ਅਤੇ ਵਾਲ ਟਾਈਲਜ਼
- ਪੁਰਾਣਾ ਅਤੇ ਨਵਾਂ ਪੁਰਾਣਾ ਸਨਡੈਕ
- ਘਰ ਨੂੰ ਵਧਾਉਣਾ
- ਪੇਟਿੰਗ
- ਕਾਰਪੇਂਟਰੀ
- ਪੌੜੀਆਂ
- ਫਿਨਸ਼ਿੰਗ
- ਫਰੇਮਿੰਗ



15 ਸਾਲਾ ਦਾ ਤਜ਼ਰਬਾ

ਹੋਰ ਜਾਣਕਾਰੀ ਲਈ ਫੋਨ ਕਰੋ :

ਪੂਰਾ ਕੰਮ ਸਮੇਂ ਅਤੇ ਵਾਜਿਬ ਰੇਟ 'ਤੇ ਗਰੰਟੀ ਨਾਲ ਕਰਦੇ ਹਾਂ


ਅਸੀਂ ਤਸੱਲੀਬਖਸ਼ ਕੰਮ ਕਰਦੇ ਹਾਂ

ਲੱਖਵਿੰਦਰ ਸੈਂਹਬੀ : 604-621-0206

lakhwindersembhi@yahoo.ca



ਪੁਰਾਣੇ ਘਰਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਫਰੇਮਿੰਗ, ਡਰਾਈਵਾਲ, ਪੇਟਿੰਗ, ਟਾਇਲਜ਼, ਲੈਮੀਨੇਟ, ਇਲਕਟ੍ਰੀਕਲ ਪਲੰਬਿੰਗ ਅਤੇ ਫੈਨਸਿੰਗ ਦੇ ਕੰਮਾਂ ਵਿਚ ਮਾਹਿਰ



**Contact for Kitchen Cabinet & Counter Tops in Homes**

ਘਰ ਜਾਂ ਬੇਸਮੈਂਟ ਰਿਪੇਅਰ ਕਰਵਾਉਣ ਲਈ ਸੰਪਰਕ ਕਰੋ

236-234-4081



## ਸੰਦਲ ਰੈਨੋਵੇਸ਼ਨ

Your's Complate Home Renovation

- ਫਰੇਮਿੰਗ
- ਡਰਾਈਵਾਲ
- ਪੇਟਿੰਗ
- ਟਾਈਲਜ਼
- ਲੈਮੀਨੇਟ
- ਇਲੈਕਟ੍ਰੀਕਲ
- ਪਲਬਿੰਗ
- ਕਾਰਪੇਟ
- ਰੂਫਿੰਗ ਦਾ ਕੰਮ
- ਸਨਡੈਕ ਦੀ ਰਿਪੇਅਰ

ਮੁਫਤ ਐਸਟੀਮੇਟ ਲਈ ਸੰਪਰਕ ਕਰੋ

ਭਿੰਦਰ : 604-725-6270




## GARCHA Plumbing Heating & Repair Ltd.




ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ

- Hot Water Tank Replacement
- Boiler & Furnace Repair
- Drain Cleaning
- Certified Plumber



ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ

Amarjit Singh Garcha

604-306-3276

Big Or Small, We Do It All



## BT LINE PAINTING CO.

ਟੋਪਲਾਈਨ ਪੇਂਟਿੰਗ ਅਸੀਂ ਸਨਡੈਕ ਵੀ ਬਣਾਉਂਦੇ ਹਾਂ

SPECIALIZING IN:

Spray & Roller Panting * Interior & Exterior * Pressure Washing*

ਅਸੀਂ ਰੀ-ਰੂਫੀਂਗ, ਫਰੇਮਿੰਗ ਅਤੇ ਡਰਾਈਵਾਲ ਦਾ ਕੰਮ ਵੀ ਕਰਦੇ ਹਾਂ।

ਹਰ ਕਿਸਮ ਦੀ ਰੈਨੋਵੇਸ਼ਨ, ਵਾਸ਼ਰੂਮ, ਹਾਰਡਵੁਡ ਫਲੋਰਿੰਗ, ਬੇਸਮੈਂਟ, ਟਾਈਲਾਂ ਆਦਿ

ਕਮਰਸ਼ੀਅਲ ਐਂਡ ਰੈਜ਼ੀਡੈਂਸ਼ੀਅਲ * ਕੁਆਲਟੀ ਵਰਕ * ਵਾਜਬ ਰੇਟ

For FREE estimates call Mr. Kulwant Singh Boyal

Cell: 604-340-7497 Res: 604-543-8064

# ਕੂਕਿਆਂ ਵੱਲੋਂ ਸ਼ਬਦ ਗੁਰੂ ‘ਤੇ ਮੁੜ ਹਮਲਾ...

ਨਾਮਧਾਰੀ (ਕੂਕੇ) ਸੰਪਰਦਾ ਦੇ ਇੱਕ ਧੜੇ ਦੇ ਮੁਖੀ ਅਖਵਾਉਂਦੇ ਠਾਕੁਰ ਦਲੀਪ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਉੱਤੇ ਮੁੜ ਸਿਧਾਂਤਕ ਹਮਲੇ ਕੀਤੇ ਹਨ। ਇਸ ਬੂਬਨੇ ਵੱਲੋਂ ਕਦੇ ਸਿੱਖਾਂ ਨੂੰ ਹਿੰਦੂ ਕਿਹਾ ਜਾਂਦਾ ਹੈ ਤੇ ਕਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਗੁਰਤਾ ਗੱਦੀ ਨੂੰ ਚੈਲੰਜ ਕੀਤਾ ਜਾਂਦਾ ਹੈ। ਭਾਜਪਾ ਅਤੇ ਆਰ.ਐਸ.ਐਸ. ਦਾ ਹੱਥਠੋਕਾ ਬਣਿਆ ਠਾਕੁਰ ਦਲੀਪ ਸਿੰਘ ਸਿੱਖਾਂ ਨੂੰ ਚਿੜਾਉਣ ਦਾ ਹਰ ਯਤਨ ਕਰਦਾ ਰਹਿੰਦਾ ਹੈ, ਦੂਜੇ ਪਾਸੇ ਐਨ.ਆਈ.ਏ. ਨੇ ਬੀਬੀ ਚੰਦ ਕੌਰ ਦੇ ਕਤਲ ਅਤੇ ਹੋਰ ਕੇਸਾਂ ਵਿੱਚ ਠਾਕੁਰ ਦਲੀਪ ਸਿੰਘ ਨੂੰ ਭਗੌੜਾ ਕਰਾਰ ਦਿੱਤਾ ਹੋਇਆ ਹੈ। ਸਿੱਖ ਕੌਮ ਦੇ ਜਜ਼ਬਾਤਾਂ ਨੂੰ ਭੜਕਾ ਕੇ ਠਾਕੁਰ ਦਲੀਪ ਸਿੰਘ ਭਾਰਤੀ ਨਿਜ਼ਾਮ ਅਤੇ ਹਿੰਦੂਤਵੀਆਂ ਨੂੰ ਖ਼ੁਸ਼ ਕਰਨਾ ਚਾਹੁੰਦਾ ਹੈ ਤੇ ਆਪਣੇ ਕੇਸਾਂ ਤੋਂ ਕਿਸੇ ਤਰ੍ਹਾਂ ਛੁਟਕਾਰਾ ਪਾਉਣਾ ਚਾਹੁੰਦਾ ਹੈ।ਠਾਕੁਰ ਦਲੀਪ ਸਿੰਘ ਜੋ ਆਪਣੀ ਗੱਦੀ ਅਤੇ ਜ਼ਹਿਰ ਉਗਲਵੀਂ ਜ਼ੁਬਾਨ ਨਾਲ ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕੇਵਲ ਧਾਰਮਿਕ ਪੁਸਤਕ ਆਪ ਰਿਹਾ ਹੈ ਤੇ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣ ਤੋਂ ਵੀ ਇਨਕਾਰੀ ਹੈ, ਏਹੀ ਹਾਲ ਇਸ ਦੇ ਚੇਲਿਆਂ-ਚਾਪਲੂਸਾਂ ਦਾ ਹੈ। ਠਾਕੁਰ ਦਲੀਪ ਸਿੰਘ ਹੋਵੇ ਜਾਂ ਦੂਜੇ ਧੜੇ ਦਾ ਉਦੇ ਸਿੰਘ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਗੱਦੀ ਲਾ ਕੇ ਆਪਣੇ ਉੱਤੇ ਚੰਦੋਆ ਲਗਾਉਂਦੇ ਅਤੇ ਚੋਰ ਕਰਵਾਉਂਦੇ ਹਨ ਤੇ ਖ਼ੁਦ ਨੂੰ ਮੌਜੂਦਾ ਗੁਰੂ ਅਖਵਾਉਂਦੇ ਹਨ, ਵਿਆਹ ਸਮੇਂ ਅੱਗ ਦੇ ਦੁਆਲੇ ਫੇਰੇ ਲੈਂਦੇ ਹਨ, ਹਵਨ ਅਤੇ ਹੋਰ ਹਿੰਦੂ ਕਰਮ-ਕਾਂਡ ਵੀ ਕਰਦੇ ਹਨ। ਨਾਮਧਾਰੀ ਸੰਪਰਦਾ ਦੇ ਮੁਖੀ ਬਾਬਾ ਰਾਮ ਸਿੰਘ ਜੀ ਨੇ ਖ਼ਾਲਸਾ ਪੰਥ ਲਈ ਬੜੀ ਵੱਡੀ ਘਾਲਣਾ ਘਾਲੀ ਸੀ, ਉਹਨਾਂ ਨੇ ਆਪਣੇ ਆਪ ਨੂੰ ਕਦੇ ਗੁਰੂ ਵੀ ਨਹੀਂ ਸੀ ਅਖਵਾਇਆ ਤੇ ਖ਼ਾਲਸਾ ਰਾਜ ਦੀ ਬਹਾਲੀ ਲਈ ਅੰਗਰੇਜ਼ ਸਾਮਰਾਜ ਵਿਰੁੱਧ ਤਕੜਾ ਸੰਘਰਸ਼ ਕੀਤਾ ਸੀ।ਸਿੱਖ ਕੌਮ ਉਹਨਾਂ ਦਾ ਸਤਿਕਾਰ ਕਰਦੀ ਹੈ ਪਰ ਨਾਮਧਾਰੀ ਸੰਪਰਦਾ ਵਾਲੇ ਬਾਬਾ ਰਾਮ ਸਿੰਘ ਜੀ ਨੂੰ ਵੀ ਸਤਿਗੁਰੂ ਪੇਸ਼ ਕਰਕੇ ਅਗਾਂਹ ਆਪਣੀਆਂ ਗੱਦੀਆਂ ਚਲਾ ਰਹੇ ਹਨ ਅਤੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਜੋਤੀ ਜੋਤਿ ਸਮਾਉਣ ਅਤੇ ਬਾਬਾ ਬਾਲਕ ਸਿੰਘ ਨੂੰ ਗੁਰਤਾ ਗੱਦੀ ਸੌਂਪਣ ਦੀਆਂ ਕਈ ਗਪੌੜ ਕਹਾਣੀਆਂ ਜੋੜੀ ਬੈਠੇ ਹਨ। ਜਦ ਕਿ ਸਮੁੱਚਾ ਸੰਸਾਰ ਜਾਣਦਾ ਹੈ ਕਿ ਦਸਮੇਸ਼ ਪਿਤਾ ਜੀ ਸੰਨ 1708 ਵਿੱਚ ਸ੍ਰੀ ਹਜ਼ੂਰ ਸਾਹਿਬ (ਨੰਦੇੜ) ਵਿਖੇ ਦੇਹਧਾਰੀ ਪ੍ਰਥਾ ਨੂੰ ਖ਼ਤਮ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਹਮੇਸ਼ਾਂ ਲਈ ਗੁਰਤਾ-ਗੱਦੀ ਸੌਂਪ ਗਏ ਸਨ। ਅਖ਼ੀਰ ਸਮੇਂ ਗੁਰੂ ਸਾਹਿਬ ਦੇ ਇਤਿਹਾਸਕ ਬਚਨ ਹਨ “ਗੁਰਿਆਈ ਕਾ ਤਾ ਪਾਹੁਤਾ ਅੰਤ, ਦਸ ਜਾਮੇਂ ਕਹੇ ਥੇ ਗੁਰ ਨਾਨਕ ਭਗਵੰਤ।” ਸਿੱਖਾਂ ਨੇ ਪੁੱਛਿਆ “ਗਰੀਬ ਨਿਵਾਜ਼ ਸਿੱਖ ਸੰਗਤ ਤੇਰੀ ਇਸ ਦਾ ਕੀ ਹਵਾਲ।” ਪਾਤਸ਼ਾਹ ਜੀ ਨੇ ਕਿਹਾ “ਸ਼ਬਦ ਹੈ ਗੁਰੂ, ਲੜ ਪਕੜੋ ਅਕਾਲ।” ਗੁਰੂ ਸਾਹਿਬ ਨੇ ਹੁਕਮ ਕੀਤਾ “ਆਗਿਆ ਭਈ ਅਕਾਲ ਕੀ, ਤਬੇ ਚਲਾਇਓ ਪੰਥ। ਸਭ ਸਿੱਖਨਿ ਕੋ ਹੁਕਮਿ ਹੈ, ਗੁਰੂ ਮਾਨਿਓ ‘ ਗ੍ਰੰਥ । ਗੁਰੂ ਗ੍ਰੰਥ ਜੀ ਮਾਨੀਐ, ਪ੍ਰਗਟ ਗੁਰਾਂ ਕੀ ਦੇਹ। ਜੋ ਪ੍ਰਭ ਕੋ ਮਿਲਬੋ ਚਹੈ, ਖੋਜ ਸਬਦ ਮੈਂ ਲੇਹ।” ਇਸ ਇਤਿਹਾਸਕ ਘਟਨਾ ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤਕ ਦਸ ਗੁਰੂ ਸਾਹਿਬਾਨਾਂ ਨੇ ਸ਼ਬਦ ਗੁਰੂ ਦਾ ਹੀ ਪ੍ਰਚਾਰ ਕੀਤਾ ਸੀ। ਗੁਰਬਾਣੀ ਵਿੱਚ ਅਨੇਕਾਂ ਥਾਂਈਂ ਹਵਾਲੇ ਹਨ ਜਿਵੇਂ ਕਿ “ਬਾਣੀ ਗੁਰੂ ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤੁ ਸਾਰੇ ॥ ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥” ਭਾਈ ਗੁਰਦਾਸ ਜੀ ਵੀ ਲਿਖਦੇ ਹਨ “ਸਬਦ ਗੁਰੂ ਗੁਰੁ ਜਾਣੀਐ ਗੁਰਮੁਖਿ ਹੋਇ ਸੁਰਤਿ ਧੁਨਿ ਚੇਲਾ॥”

ਜਦੋਂ ਸਾਰੇ ਗੁਰੂ ਸਾਹਿਬਾਨ ਗੁਰਬਾਣੀ ਨੂੰ ਖ਼ੁਦ ਗੁਰੂ ਰੂਪ ਜਾਣ ਕੇ ਸਤਿਕਾਰ ਕਰਦੇ ਰਹੇ, ਮੱਥਾ ਟੇਕਦੇ ਰਹੇ ਅਤੇ ਸ਼ਬਦ ਗੁਰੂ ਦਾ ਹੀ ਪ੍ਰਚਾਰ ਕਰਦੇ ਰਹੇ ਤਾਂ ਇਹ ਠਾਕੁਰ ਦਲੀਪ ਸਿੰਘ ਵਰਗੇ ਕੌਣ ਹੁੰਦੇ ਹਨ ਸਾਡੇ ਗੁਰੂ ਸਾਹਿਬ ਉੱਤੇ ਉਗਲੀਆਂ ਚੁੱਕਣ ਵਾਲੇ ਅਤੇ ਸਿਧਾਂਤ ਤੇ ਇਤਿਹਾਸ ਵਿਗਾੜਨ ਵਾਲੇ। ਇਹ ਪਖੰਡੀ ਲੋਕ ਆਪਣੇ ਆਪ ਨੂੰ ਗੁਰੂ ਹੋਣਾ ਸਿੱਧ ਕਰਨ ਲਈ ਸੌ-ਸੌ ਪਾਪੜ ਵੇਲ ਰਹੇ ਹਨ ਤੇ ਸ਼ਬਦ ਗੁਰੂ ‘ਤੇ ਟੀਕਾ ਟਿੱਪਣੀ ਕਰਦੇ ਰਹਿੰਦੇ ਹਨ। ਗੁਰੂ ਸਾਹਿਬ ਨੇ ਇਹੋ ਜਿਹੇ ਭੇਖੀਆਂ ਕੋਲੋਂ ਸਾਡਾ ਖਹਿੜਾ ਛੁਡਾਇਆ ਸੀ ਪਰ ਇਹ ਫਿਰ ਕਈ ਤਰ੍ਹਾਂ ਦੇ ਅਡੰਬਰ ਰਚ ਕੇ ਲੋਕਾਂ ਨੂੰ ਚਿੰਬੜੇ ਫਿਰਦੇ ਹਨ। ਇਹ ਠਾਕੁਰ ਦਲੀਪ ਸਿੰਘ ਵਰਗੇ ਜੋ ਆਪਣੇ ਆਪ ਨੂੰ ਗੁਰੂ ਅਖਵਾਉਂਦੇ ਹਨ, ਇਹ ਆਪ ਤਾਂ ਡੁੱਬਣਗੇ ਹੀ ਤੇ ਚੇਲਿਆਂ ਨੂੰ ਵੀ ਡੋਬ ਦੇਣਗੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜਾਗਤ-ਜੋਤਿ, ਹਾਜ਼ਰ-ਨਾਜ਼ਰ, ਚਵਰ-ਛਤਰ-ਤਖ਼ਤ ਦੇ ਮਾਲਕ ਤੇ ਪ੍ਰਤੱਖ ਸਤਿਗੁਰੂ ਹਨ। ਸਮੁੱਚਾ ਸਿੱਖ ਜਗਤ ਅਤੇ ਸੰਸਾਰ ਗੁਰੂ ਸਾਹਿਬ ਨੂੰ ਨਤਮਸਤਕ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਨੇ, ਮੱਥਾ ਟੇਕਣਾ, ਮੰਨਣਾ-ਪੂਜਣਾ ਅਤੇ ਪੜ੍ਹਨਾ ਅਕਾਲ ਪੁਰਖ ਦੇ ਹੀ ਦਰਸ਼ਨ ਕਰਨ, ਮੱਥਾ ਟੇਕਣ, ਮੰਨਣ-ਪੂਜਣ ਅਤੇ ਰੱਬ ਨਾਲ ਬਚਨ ਸਾਂਝੇ ਕਰਨ ਦੇ ਹੀ ਬਰਾਬਰ ਹੈ। ਇਹ ਕੋਈ ਆਮ ਪੁਸਤਕ ਜਾਂ ਧਾਰਮਿਕ ਕਿਤਾਬ ਨਹੀਂ ਹੈ, ਇਹ ਸਾਡੇ ਮੌਜੂਦਾ ਅਤੇ ਜੁੱਗੋ-ਜੁੱਗ ਅਟੱਲ ਗੁਰੂ ਸਾਹਿਬ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਦਰਜਾ ਬਾਕੀ ਸੰਸਾਰ ਦੇ ਸਾਰੇ ਧਰਮਾਂ ਦੇ ਗ੍ਰੰਥਾਂ ਨਾਲੋਂ ਉੱਚਾ ਹੈ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰਤਾ ਗੱਦੀ ਉੱਤੇ ਬਿਰਾਜਮਾਨ ਹਨ ਤੇ ਬਾਕੀ ਧਰਮਾਂ ਦੇ ਕਿਸੇ ਵੀ ਗ੍ਰੰਥ ਨੂੰ ਗੁਰੂ ਦਾ ਦਰਜਾ ਪ੍ਰਾਪਤ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾ ਤਾਂ ਅਚੇਤਨ (ਜੜ੍ਹ) ਹਨ ਅਤੇ ਨਾ ਹੀ ਗੁਰੂ ਸਾਹਿਬ ਨੂੰ ਮੱਥਾ ਟੇਕਣਾ ਬੁੱਤ- ਪ੍ਰਸਤੀ ਹੈ। ਬੁੱਤ ਤੋਂ ਤਾਂ ਕੁਝ ਪ੍ਰਾਪਤ ਨਹੀਂ ਕੀਤਾ ਜਾ ਸਕਦਾ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਨੂੰ ਪੜ੍ਹ ਕੇ ਅਕਾਲ ਪੁਰਖ ਦੇ ਭੇਦਾਂ, ਪ੍ਰਭੂ ਭਗਤੀ, ਅਧਿਆਤਮਕ, ਰੂਹਾਨੀਅਤ, ਦੁਨਿਆਵੀਂ ਅਤੇ ਹਰ ਪ੍ਰਕਾਰ ਦਾ ਗਿਆਨ ਪ੍ਰਾਪਤ ਹੁੰਦਾ ਹੈ । ਗੁਰਬਾਣੀ ਸਾਨੂੰ ਜੀਵਨ ਜਾਚ ਵੀ ਸਿਖਾਉਂਦੀ ਹੈ। ਗੁਰੂ ਸਾਹਿਬ ਜੀ ਨਾਮ ਰੂਪ, ਸ਼ਬਦ ਗੁਰੂ ਤੇ ਲਿਖਤ ਰੂਪ ਵਿੱਚ ਹਨ ਤੇ ਇਸ ਸੰਸਾਰ ਦੀ ਰਚਨਾ ਕਰਨ ਵਾਲੇ ਹਨ। ਨਾਮ ਕੇ ਧਾਰੇ ਸਗਲੇ ਜੰਤ॥ ਨਾਮ ਕੇ ਧਾਰੇ ਖੰਡ ਬ੍ਰਹਮੰਡ॥”

ਉਹਨਾਂ ਨੂੰ ਮੰਨ ਕੇ ਕਰੋੜਾਂ ਸੰਗਤਾਂ ਆਪਣੇ ਕਾਰਜ ਰਾਸ ਕਰਦੀਆਂ ਹਨ ਪਰ ਇਹਨਾਂ ਦੇਹਧਾਰੀਆਂ ਨੇ ਅੱਜ ਤੱਕ ਕਿਸੇ ਦਾ ਕੁਝ ਨਹੀਂ ਸਵਾਰਿਆ ਤੇ ਇਹ ਖੁੰਭਾ ਵਾਂਗ ਦੇਹਧਾਰੀ ਗੁਰੂ ਬਣ-ਬਣ ਬੈਠੀ ਜਾਂਦੇ ਹਨ। ਦਸਵੇਂ ਪਾਤਸ਼ਾਹ ਜੀ ਨੇ ਇਹਨਾਂ ਬਾਰੇ ਹੀ ਲਿਖਿਆ ਹੈ ”ਆਪ ਆਪਿ ਪਾਰਬ੍ਰਹਮ ਕਹੈ ਹੈ॥ ਨੀਚ ਉਚ ਕਹਿ ਸੀਸਨ ਨੈਹੈ॥ ਏਕ ਏਕ ਮਤ ਇਕ ਇਕ ਧਾਮਾ ॥ ਘਰਿ ਘਰਿ ਹੋਇ ਬੈਠ ਹੈ ਰਾਮਾ॥” ”ਫੋਕਟ ਧਰਮ ਲਖੋ ਕਰ ਭਰਮਾ ॥ ਇਨ ਤੇ ਸਰਤ ਨ ਕੋਈ ਕਰਮਾ॥” ”ਭੇਖ ਦਿਖਾਏ ਜਗਤ ਕੋ ਲੋਗਨ ਕੋ ਬਸਿ ਕੀਨ ॥ ਅੰਤ ਕਾਲਿ ਕਾਤੀ ਕਟਿਓ ਬਾਸੁ ਨਰਕ ਮੋ ਲੀਨ॥”

ਸ਼ਬਦ ਕਦੇ ਵੀ ਜੜ੍ਹ ਨਹੀਂ ਹੁੰਦਾ ਸਗੋਂ ਸ਼ਬਦ ਹੀ ਚੇਤਨ ਤੇ ਸਦੀਵੀ ਹੁੰਦਾ ਹੈ ਤੇ ਸ਼ਬਦ ਹੀ ਗੁਰੂ ਹੈ। ਸ਼ਬਦ ਤੋਂ ਹੀ ਗਿਆਨ ਹੁੰਦਾ ਹੈ, ਸ਼ਬਦ ਵਿੱਚ ਬੜੀ ਅਥਾਹ ਸ਼ਕਤੀ ਹੈ ।‘ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਤੋਂ ਪੁੱਛਿਆ ਸੀ ਕਿ ਤੁਹਾਡਾ ਗੁਰੂ ਕੌਣ ਹੈ ? ਤਾਂ ਗੁਰੂ ਸਾਹਿਬ ਨੇ ਬਚਨ ਕੀਤਾ “ਸਬਦ ਗੁਰੂ ਸੁਰਤਿ ਧੁਨਿ ਚੇਲਾ॥” “ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥” ਭਾਈ ਗੁਰਦਾਸ ਜੀ ਵੀ ਆਖਦੇ ਹਨ ਗੁਰ ਮੂਰਤਿ ਗੁਰ ਸਬਦ ਹੈ।ਗੁਰੂ ਨਾਨਕ ਸਾਹਿਬ ਤੋਂ ਸੰਗਤਾਂ ਨੇ ਪੁੱਛਿਆ ਸੀ ਕਿ “ਅਸੀਂ ਤਾਂ ਆਪ ਜੀ ਦੇ ਦਰਸ਼ਨ ਕਰਕੇ ਮੁਕਤ ਅਤੇ ਨਿਹਾਲ ਹੋ ਜਾਂਦੇ ਹਾਂ ਤੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦਾ ਉਧਾਰ ਕਿਵੇਂ ਹੋਇਆ ਕਰੇਗਾ ?” ਤਾਂ ਗੁਰੂ ਸਾਹਿਬ ਨੇ ਕਿਹਾ ਸੀ ਕਿ ਅਸੀਂ ਧੁਰ ਕੀ ਬਾਣੀ ਦਾ ਉਚਾਰਨ ਕਰ ਰਹੇ ਹਾਂ ਜੋ ਹਮੇਸ਼ਾ ਅਟੱਲ ਰਹੇਗੀ ਤੇ ਉਸੇ ਨੂੰ ਮੰਨ ਕੇ ਸੰਗਤਾਂ ਨੇ ਆਪਣਾ ਆਪ ਸਵਾਰਨਾ ਹੈ।ਇਤਿਹਾਸਿਕ ਬਚਨ ਹਨ “ਗੁਰੂ ਦਰਸ ਜਿਹ ਦੇਖਨਾ ਸ੍ਰੀ ਗ੍ਰੰਥ ਦਰਸਾਇ॥ ਬਾਤ ਕਰਨਿ ਗੁਰ ਸੋਂ ਚਹੈ ਪੜ੍ਹੈ ਗ੍ਰੰਥ ਮਨ ਲਾਇ।”ਦਸਵੇਂ ਪਾਤਸ਼ਾਹ ਨੇ ਭਾਈ ਨੰਦ ਲਾਲ ਜੀ ਨੂੰ ਕਿਹਾ ਸੀ “ਤੀਨ ਰੂਪ ਹੈਂ ਮੋਹਿ ਕੇ ਸੁਨਹੁ ਨੰਦ ਚਿਤ ਲਾਇ। ਨਿਰਗੁਣ ਸਰਗੁਣ ਗੁਰ ਸਬਦ ਹੈਂ ਕਹੇ ਤੋਹਿ ਸਮਝਾਇ।”ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਸਿੱਖਾਂ ਲਈ ਸਰਬ ਸ੍ਰੇਸ਼ਟ ਸਤਿਗੁਰੂ ਹਨ, ਉਹਨਾਂ ਉੱਤੇ ਹਮਲੇ ਕੋਈ ਵੀ ਸਿੱਖ ਬਰਦਾਸ਼ਤ ਨਹੀਂ ਕਰੇਗਾ। ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ “ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ॥” ਬਾਕੀ ਇਹ ਠਾਕੁਰ ਦਲੀਪ ਸਿੰਘ ਵਰਗੇ ਗੁਰੂ ਤਾਂ ਕੀ ਇਹ ਤਾਂ ਕਿਸੇ ਸਿੱਖ ਦੀ ਵੀ ਬਰਾਬਰੀ ਨਹੀਂ ਕਰ ਸਕਦੇ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਸਿੱਖ ਕੌਮ ਦੀਆਂ ਸਮੁੱਚੀਆਂ ਸੰਪਰਦਾਵਾਂ, ਜਥੇਬੰਦੀਆਂ ਤੇ ਸੰਸਥਾਵਾਂ ਇਹਨਾਂ ਅਖੌਤੀ ਕੂਕਿਆਂ-ਨਾਮਧਾਰੀਆਂ ਖ਼ਿਲਾਫ਼ ਸਖ਼ਤ ਸਟੈਂਡ ਲੈਣ ਤੇ ਸਿੱਖ ਕੌਮ ਦੇ ਬੁੱਧੀਜੀਵੀ, ਵਿਦਵਾਨ, ਬੁਲਾਰੇ ਅਤੇ ਲੇਖਕ ਇਹਨਾਂ ਨੂੰ ਠੋਕਵਾਂ ਜਵਾਬ ਦੇਣ। ਇੱਕ ਪਾਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਦੋਖੀਆਂ ਵੱਲੋਂ ਅੰਗ ਪਾੜੇ ਜਾ ਰਹੇ ਹਨ ਤੇ ਦੂਜੇ ਪਾਸੇ ਇਹ ਦੇਹਧਾਰੀ ਗੁਰੂਡੰਮ੍ਹ ਵੀ ਸੰਗਤਾਂ ਨੂੰ ਸ਼ਬਦ ਗੁਰੂ ਨਾਲੋਂ ਤੋੜਨ ਦਾ ਯਤਨ ਕਰ ਰਿਹਾ ਹੈ। ਪਿਆਰੇ ਖ਼ਾਲਸਾ ਜੀ ! ਇਹ ਚੁੱਪ ਰਹਿਣ ਦਾ ਸਮਾਂ ਨਹੀਂ ਹੈ, ਗਿਆਨ ਖੜਗ ਅਤੇ ਲੋਹ ਖੜਗ ਦੇ ਨਾਲ ਇਹਨਾਂ ਦਾ ਮੁਕਾਬਲਾ ਕਰਨਾ ਜ਼ਰੂਰੀ ਹੈ। ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਹਰ ਪਲ ਸਾਡੇ ਸਹਾਈ ਹੋਣਗੇ।

**-ਰਣਜੀਤ ਸਿੰਘ ਦਮਦਮੀ ਟਕਸਾਲ (ਪ੍ਰਧਾਨ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ)**
**ਮੋ: 8872293883.**

# ਅਮਰੀਕਾ-ਇਰਾਨ ਜੰਗਬੰਦੀ ਅਣਮਿੱਥੇ ਸਮੇਂ ਲਈ ਵਧੀ, ਪਰ ਸ਼ਾਂਤੀਵਾਰਤਾ ’ਤੇ ਅਨਿਸ਼ਚਿਤਤਾ ਜਾਰੀ

ਤਹਿਰਾਨ/ਵਾਸ਼ਿੰਗਟਨ: ਅਮਰੀਕਾ ਨੇ ਇਰਾਨ ਨਾਲ ਜੰਗਬੰਦੀ ਨੂੰ ਅੱਗੇ ਵਧਾ ਦਿਤਾ ਹੈ, ਪਰ ਇਰਾਨ ਵਲੋਂ ਬੁਧਵਾਰ ਨੂੰ ਹੋਰਮੁਜ਼ ਜਲਡਮਰੂਮੱਧ ਵਿਚ ਤਿੰਨ ਜਹਾਜ਼ਾਂ ’ਤੇ ਗੋਲੀਬਾਰੀ ਕੀਤੀ, ਜਿਸ ਨਾਲ ਅਮਰੀਕਾ-ਇਰਾਨ ਵਿਚਾਲੇ ਸ਼ਾਂਤੀਵਾਰਤਾ ਅੱਗੇ ਵਧਾਉਣ ਦਾ ਮਸਲਾ ਹੋਰ ਗੁੰਝਲਦਾਰ ਹੋ ਗਿਆ ਹੈ।ਇਰਾਨੀ ਮੀਡੀਆ ਅਨੁਸਾਰ, ਇਹ ਹਮਲੇ ਰਿਵੋਲੂਸ਼ਨਰੀ ਗਾਰਡ ਵਲੋਂ ਕੀਤੇ ਗਏ। ਇਹ ਘਟਨਾ ਉਸ ਵੇਲੇ ਹੋਈ ਜਦੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਰਾਨ ਨਾਲ ਚੱਲ ਰਹੀ ਜੰਗ ’ਚ ਜੰਗਬੰਦੀ ਨੂੰ ਅਨਿਸ਼ਚਿਤ ਸਮੇਂ ਲਈ ਵਧਾਉਣ ਦਾ ਐਲਾਨ ਕੀਤਾ, ਪਰ ਨਾਲ ਹੀ ਇਰਾਨੀ ਬੰਦਰਗਾਹਾਂ ’ਤੇ ਨਾਕਾਬੰਦੀ ਜਾਰੀ ਰੱਖਣ ਦੀ ਗੱਲ ਵੀ ਕੀਤੀ।ਯੂ.ਕੇ. ਮੈਰੀਟਾਈਮ ਟ੍ਰੇਡ ਓਪਰੇਸ਼ਨਜ਼ ਸੈਂਟਰ ਨੇ ਦਸਿਆ ਕਿ ਪਹਿਲਾ ਜਹਾਜ਼ ਬਿਨਾਂ ਚੇਤਾਵਨੀ ਦੇ ਗਾਰਡ ਦੀ ਗਨਬੋਟ ਵਲੋਂ ਨਿਸ਼ਾਨਾ ਬਣਾਇਆ ਗਿਆ। ਹਾਲਾਂਕਿ, ਕਿਸੇ ਨੂੰ ਸੱਟ ਨਹੀਂ ਲੱਗੀ। ਇਰਾਨੀ ਸਰਕਾਰੀ ਮੀਡੀਆ ਨੇ ਬਾਅਦ ਵਿਚ ਦਸਿਆ ਕਿ ਐਮ.ਐੱਸ.ਸੀ. ਫ਼ਰੈਂਸ਼ੀਆ ਅਤੇ ਇਪਾਮਿਨੋਂਡੇਸ ਨਾਮਕ ਜਹਾਜ਼ਾਂ ਨੂੰ ਕਬਜ਼ੇ ਵਿਚ ਲੈ ਕੇ ਇਰਾਨ ਵਲ ਲਿਜਾਇਆ ਜਾ ਰਿਹਾ ਹੈ।







ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ
ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1650
2 PCS SOFA & LOVE SEAT
$1650
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ
ਕਸਟਮ ਸੈਕਸ਼ਨਲ ਬਣਾਉਂਦੇ ਹਾਂ।
ਤੁਸੀਂ ਆਪਣੀ ਮਰਜ਼ੀ ਦਾ ਕੱਪੜਾ
ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ
ਬਿਲਕੁਲ ਸਾਹਮਣੇ


GE
+91 77175-02848
+91 98146-12006
+91 99882-68982
+1 778-899-1576
+1 778-207-8100
EAGLE EYE
PICK & DROP TAXI SERVICE
CAR RENTALS & TAXI SERVICE
24 HOURS DELHI AIRPORT SERVICE
ONE WAY TAXI
SELF DRIVE
TOUR PACKAGES
Long Route Tour Packages Available With Urbania 17 Seater
SURREY: #256 12899-76Ave
KHANNA: Near Shri Saraswati Sanskrit College Samadhi Rd
ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਏਅਰਪੋਰਟ ਤੋਂ ਸਾਰੇ ਪੰਜਾਬ ਵਿਚ ਸਰਵਿਸ ਦਿੰਦੇ ਹਾਂ
ਫਗਵਾੜਾ
ਜਲੰਧਰ
ਨਕੋਦਰ
ਮੋਗਾ
ਅੰਮ੍ਰਿਤਸਰ
ਨਵਾਂ ਸ਼ਹਿਰ
ਲੁਧਿਆਣਾ
ਚੰਡੀਗੜ੍ਹ
ਫਿਲੌਰ
BOOK NOW!
24/7
*ਦਿੱਲੀ ਤੋਂ ਪੰਜਾਬ ਵਨ ਵੇਅ ਸਰਵਿਸ
*ਟਰੈਕਿੰਗ ਸਿਸਟਮ *24 ਘੰਟੇ ਸਰਵਿਸ
WE OFFER VARIETY OF CARS
OPTION FOR YOUR COMFORT
*ਵੱਡੇ ਪਰਿਵਾਰ ਜਾਂ ਛੋਟੇ ਪਰਿਵਾਰ ਲਈ ਗੱਡੀ
*ਡਰਾਈਵਰ ਜਾਂ ਬਿਨਾ ਡਰਾਈਵਰ ਤੋਂ ਗੱਡੀ ਲੈ ਸਕਦੇ ਹੋ
BOOK CAR RENTALS
UPDOWN 160 DOLLAR TILL LUDHIANA
UPDOWN 200 DOLLAR TILL JALANDHAR
UPDOWN 300 DOLLAR TILL AMRITSAR
TAXI
ONE WAY TAXI SERVICES
FROM DELHI AIRPORT
JALANDHAR
LUDHIANA
HOSHIARPUR
CHANDIGARH
AMRITSAR
MOGA
BEST RATES